# ਅੰਮ੍ਰਿਤ ਕੀਰਤਨ

ਅੰਕ 11-12 ਸਾਲ ਪੰਜਵਾਂ ਨਵੰਬਰ-ਦਸੰਬਰ, 1993

# ਗੁਰਮਤਿ ਸੰਗੀਤ

# ਵਿਸ਼ੇਸ਼ ਅੰਕ

# ( ਪਹਿਲਾ )

ਕੀਮਤ : 20/- ਰੁ:

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 11-12 ਸਾਲ ਪੰਜਵਾਂ ਨਵੰਬਰ, ਦਸੰਬਰ 1993

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ

**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਆਦਿਕਾ 1
2] ਗੁਰਮਤਿ ਸੰਗੀਤ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ 4
—ਪ੍ਰੋ: ਸ਼ਮਸ਼ਾਦ ਅਲੀ
3] ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ 7
—ਡਾ. ਜਾਗੀਰ ਸਿੰਘ
4] ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ 10
—ਡਾ. ਗੁਰਨਾਮ ਸਿੰਘ
5] ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ 14
—ਡਾ. ਹਰਜਸ ਕੌਰ
6] ਗੁਰਮਤਿ ਸੰਗੀਤ ਵਿਚ ਤਬਲਾਵਾਦਨ (ਜੋੜੀ) 19
—ਪ੍ਰੋ. ਰਣਜੀਤ ਸਿੰਘ
7] ਗੁਰਮਤਿ ਸੰਗੀਤ: ਸ਼ਾਸਤਰ ਤੇ ਵਿਵਹਾਰ 22
— ਡਾ. ਗੁਰਨਾਮ ਸਿੰਘ
8] ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ 29
—ਪ੍ਰੋ: ਸ਼ਮਸ਼ਾਦ ਅਲੀ

**ਸਪੈਸ਼ਲ**
9] ਗੁਰਮਤਿ ਸੰਗੀਤ ਦੀ ਵਿਲੱਖਣਤਾ 1
ਗੁਰਨਾਮ ਸਿੰਘ (ਡਾ.)
10] ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ 10
ਗੁਰਨਾਮ ਸਿੰਘ (ਡਾ.)
11] ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸਦੇ ਪ੍ਰਕਾਰ 19
—ਪ੍ਰੋ: ਸ਼ਮਸ਼ਾਦ ਅਲੀ
12] ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਨ੍ਹਾਂ ਦਾ ਮਹੱਤਵ 25
—ਸ਼ਮਸ਼ੇਰ ਸਿੰਘ ਕਰੀਰ (ਪ੍ਰਿੰ ਰਿਟਾ.)

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਆਦਿਕਾ

'ਗੁਰਮਤਿ ਸੰਗੀਤ' ਖਾਲਕ ਦੇ ਆਦੇਸ਼ ਨੂੰ ਬਾਣੀ ਰੂਪ ਵਿਚ ਗਾਉਣ ਅਤੇ ਇਸ 'ਖਸਮ ਦੀ ਬਾਣੀ' ਦੇ ਅਧਿਆਤਮਿਕ ਗਿਆਨ ਨੂੰ ਸਰਬ ਲੋਕਾਈ ਤਕ ਸੰਚਾਰਨ ਦੀ ਵਿਸ਼ਾਲ ਸੰਗੀਤਕ ਪਰੰਪਰਾ ਹੈ। ਇਸ ਸੰਗੀਤ ਪਰੰਪਰਾ ਦੀ ਸਿਰਜਣਾ ਸ਼ਬਦ ਅਤੇ ਸੰਗੀਤ ਦੇ ਸੰਜੋਗ ਤੋਂ ਹੋਈ ਹੈ। ਸ਼ਬਦ ਅਤੇ ਸੰਗੀਤ ਦਾ ਇਹ ਪ੍ਰਸਤੁਤੀ ਵਿਧਾਨ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਸਰੂਪ ਤੋਂ ਪ੍ਰਗਟ ਹੁੰਦਾ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਰਾਗਾਤ-ਮਿਕ ਸੰਪਾਦਨਾ, ਵਿਭਿੰਨ ਰਾਗ ਪ੍ਰਕਾਰਾਂ ਦਾ ਉਲੇਖ, ਭਿੰਨ-ਭਿੰਨ ਸੰਗੀਤਕ ਸਿਰਲੇਖ, ਵੱਖ-ਵੱਖ ਸ਼ਾਸਤਰੀ ਅਤੇ ਲੋਕ ਗਾਇਨ-ਰੂਪ ਗੁਰਮਤਿ ਸੰਗੀਤ ਵਿਧਾਨ ਦੇ ਅਨਿੱਖੜ ਅੰਗ ਹਨ। ਇਹੀ ਵਿਭਿੰਨ ਤੱਤ ਅਤੇ ਅੰਗ ਸੰਯੁਕਤ ਅਤੇ ਸਮਿਲਿਤ ਰੂਪ ਵਿਚ ਜਦੋਂ ਬਾਣੀ ਵਿਚ ਦਰਸਾਏ ਸੰਗੀਤ ਅਨੁਸ਼ਾਸਨ ਦੁਆਰਾ ਕਾਰਜਸ਼ੀਲ ਹੁੰਦੇ ਹਨ ਤਾਂ ਗੁਰਮਤਿ ਸੰਗੀਤ ਦਾ ਸਿਧਾਂਤਕ ਆਧਾਰ ਸਹਿਜੇ ਹੀ ਪ੍ਰਗਟ ਹੋ ਜਾਂਦਾ ਹੈ। ਇਸ ਸਿਧਾਂਤਕ ਆਧਾਰ ਉਤੇ ਸਿਰਜਤ ਅਤੇ 'ਸ੍ਰੀ ਗੁਰੂ ਨਾਨਕ ਦੇਵ ਜੀ' ਦੁਆਰਾ ਚਲਾਈ ਗਈ ਸੰਗੀਤ ਪਰੰਪਰਾ ਦਾ ਬਾਕੀ ਗੁਰੂ ਸਹਿਬਾਨਾਂ ਅਤੇ ਸਿੱਖ ਧਰਮ ਦੇ ਅਨੁਯਾਈਆਂ ਨੇ ਵਿਵਹਾਰਕ/ਕਿਰਿਆਤ-ਮਿਕ ਰੂਪ ਵਿਚ ਪ੍ਰਚਲਨ ਕੀਤਾ। ਸਿੱਖ ਧਰਮ ਵਿਚ ਪ੍ਰਚਲਿਤ ਕੀਰਤਨ ਪਰੰਪਰਾ, ਵਿਭਿੰਨ ਕੀਰਤਨ ਚੌਕੀਆਂ ਅਤੇ ਜਨਮ ਤੋਂ ਜੀਵਨ ਦੇ ਅੰਤਲੇ ਸਮੇਂ ਤਕ ਪ੍ਰਤੀ ਦਿਨ, ਹਰ ਪਲ, ਹਰ ਅਵਸਰ ਉਤੇ ਪ੍ਰਸਤੁਤ ਹੋਣ ਵਾਲਾ ਕੀਰਤਨ ਇਸੇ ਵਿਵਹਾਰਕ ਪਰੰਪਰਾ ਦੇ ਵਿਸ਼ਾਲ ਰੂਪ ਦਾ ਸਾਖਸ਼ੀ ਹੈ। ਭਾਵੇਂ ਸਮੇਂ ਦੇ ਪਰਿਵਰਤਨ ਅਤੇ ਪ੍ਰਚਲਿਤ ਪ੍ਰਭਾਵਾਂ ਦੀ ਛਾਇਆ ਕਾਰਣ ਇਸ ਪਰੰਪਰਾ ਵਿਚ ਕੁਝ ਬਦਲਾਵ ਅਤੇ ਪਰਿਵਰਤਨ ਸਾਨੂੰ ਅਣ-ਸੁਖਾਵੇਂ ਜਾਪਦੇ ਹਨ, ਪਰੰਤੂ ਇਸ ਪਰੰਪਰਾ ਦਾ ਮੂਲ ਸਿਧਾਂਤਕ ਸਰੂਪ ਅਤੇ ਵਿਵਹਾਰਕ ਪ੍ਰਚਲਨ ਸਮੁੱਚ ਵਿਚ ਗੁਰਮਤਿ ਸੰਗੀਤ ਦੀ ਵਿਲੱਖਣ ਪਰੰਪਰਾ ਸਾਡੇ ਸਾਹਮਣੇ ਉਜਾਗਰ ਕਰ ਰਿਹਾ ਹੈ।

ਸਮੇਂ ਦੇ ਇਸ ਕਾਲ ਖੰਡ ਵਿਚ ਗੁਰਮਤਿ ਸੰਗੀਤ ਦੀ ਇਕ ਵਿਲੱਖਣ ਪਰੰਪਰਾ ਵਜੋਂ ਪਹਿਚਾਣ ਕਿਸੇ ਤੋਂ ਗੁੱਝੀ ਨਹੀਂ ਹੈ। ਗੁਰੂ ਰੂਪ ਬਾਣੀ ਅਤੇ ਸਿੱਖ ਪਰੰਪਰਾ ਵਿਚੋਂ ਪ੍ਰਗਟ ਹੋਣ ਵਾਲੇ ਗੁਰਮਤਿ ਸੰਗੀਤ ਦੇ ਨਕਸ਼ ਗੁਰੂ ਕ੍ਰਿਪਾ ਦੁਆਰਾ ਸਾਖਸ਼ਾਤ ਰੂਪ ਵਿਚ ਪ੍ਰਗਟ ਹੋ ਰਹੇ ਹਨ। ਇਹ ਸਾਡੀ ਅਣਗਹਿਲੀ ਤੇ ਅਗਿਆਨਤਾ ਹੀ ਸੀ ਕਿ ਅਸੀਂ ਆਪਣੇ ਇਸ ਮਹਾਨ ਵਿਰਸੇ ਦੀ ਮੌਲਿਕ ਤੇ ਵਿਲੱਖਣ ਪਹਿਚਾਣ ਨੂੰ ਸਹੀ ਪ੍ਰਸੰਗ ਅਤੇ

ਸਹੀ ਸਰੂਪ ਵਿਚ ਨਹੀਂ ਨਿਹਾਰ ਸਕੇ। ਫਲਸਰੂਪ ਸਾਡੇ ਆਪਣੇ ਅਤੇ ਬੇਗਾਨੇ ਇਸ ਸੰਗੀਤ ਪਰੰਪਰਾ ਨੂੰ ਭਾਰਤੀ ਸੰਗੀਤ ਦੀ ਇਕ ਸਾਧਾਰਨ ਸ਼ਬਦ ਗਾਇਨ ਪ੍ਰਣਾਲੀ ਵਜੋਂ ਸਮਝ ਅਣਗੌਲਿਆ ਕਰਦੇ ਰਹੇ। ਅਜਬ ਸਥਿਤੀ ਹੈ ਕਿ ਭਾਰਤੀ ਸੰਗੀਤ ਦੀਆਂ ਉਪਲੱਬਧ ਪੁਸਤਕਾਂ ਵਿਚ ਗੁਰਮਤਿ ਸੰਗੀਤ ਨਾਮਕ ਪਰੰਪਰਾ ਨੂੰ ਸਿੱਖ ਧਰਮ ਵਿਚ ਸੰਗੀਤ ਦੇ ਪ੍ਰਚਲਨ ਨੂੰ ਇਕ ਪੈਰ੍ਹੇ ਜਾਂ ਪੰਨੇ ਤੋਂ ਵਧੇਰੇ ਸਥਾਨ ਪ੍ਰਾਪਤ ਨਹੀਂ ਹੋਇਆ, ਜਦੋਂ ਕਿ ਇਸ ਪਰੰਪਰਾ ਦੇ ਲਿਖਤ ਗ੍ਰੰਥਾਂ ਵਿਚ 305 ਰਾਗ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 31 ਮੁਖ ਰਾਗ, 29 ਪ੍ਰਕਾਰ ਅਤੇ ਸ੍ਰੀ ਸਰਬਲੋਹ ਗ੍ਰੰਥ ਵਿਚ 243 ਰਾਗ, ਦਸਮ ਗ੍ਰੰਥ ਦੇ ਵੱਖਰੇ) ਭਿੰਨ-ਭਿੰਨ ਗਾਇਨ-ਰੂਪ ਮੌਲਿਕ ਤੇ ਵਿਲੱਖਣ ਅਨੁਸਾਸ਼ਨ ਅਤੇ ਵਿਸ਼ਿਸ਼ਟ ਗਾਇਨ ਪ੍ਰਬੰਧ ਇਸ ਦੇ ਪ੍ਰਤੱਖ ਪ੍ਰਮਾਣ ਹਨ।

ਗੁਰਮਤਿ ਸੰਗੀਤ ਦੀ ਪਹਿਚਾਣ ਸੰਬੰਧੀ ਵਰਤਮਾਨ ਸਮੇਂ ਸਿਧਾਂਤਕ ਤੇ ਕ੍ਰਿਆਤ-ਮਿਕ ਰੂਪ ਵਿਚ ਹੋਣ ਵਾਲੀਆਂ ਉਪਲੱਬਧੀਆਂ ਅਤੇ ਇਹਨਾਂ ਤੋਂ ਉਪਜਣ ਵਾਲੇ ਗੁਣਾਤਮਕ ਸਿੱਟੇ ਕੇਵਲ ਸਾਡੀ ਅੱਜ ਦੀ ਪ੍ਰਾਪਤੀ ਨਹੀਂ ਸਗੋਂ ਇਸ ਪਰੰਪਰਾ ਦੇ ਵਰਤਮਾਨ ਸਥਾਪਿਤ ਸਰੂਪ ਦੇ ਨਿਰਮਾਣ ਵਿਚ ਪੰਜ ਸਦੀਆਂ, ਦਸ ਗੁਰੂ ਸਾਹਿਬਾਨ, ਮਧਕਾਲੀਨ ਅਧਿਆਤਮਿਕ ਚੇਤਨਾ ਦੇ ਪ੍ਰਤਿਨਿਧ ਸੰਤ ਭਗਤ, ਪੰਜ ਸਦੀਆਂ ਦੇ ਮਹਾਨ ਕੀਰਤਨੀਏ ਅਤੇ ਸਿੱਖ ਸੰਗਤਾਂ ਦਾ ਵਿਸ਼ੇਸ਼ ਯੋਗਦਾਨ ਹੈ।

ਮੁਗਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਸੰਗੀਤ ਉਤੇ ਪਾਬੰਦੀ ਭਾਵੇਂ ਮੰਦਭਾਗੀ ਹੋਵੇ, ਉਸ ਦਾ ਨਿਜੀ ਮਨੋਰਥ ਮੁਗਲ ਸਾਮਰਾਜ ਦੀ ਜੜ੍ਹੀਂ ਰਾਗ-ਰੰਗ ਦੀਆਂ ਵਿਲਾਸ ਰੁਚੀਆਂ ਦੇ ਰੂਪ ਵਿਚ ਪੈ ਰਹੇ ਤੇਲ ਤੋਂ ਛੁਟਕਾਰਾ ਪਾਉਣਾ ਸੀ। ਔਗਰੰਜ਼ੇਬ ਮੁਗਲ ਸਾਮਰਾਜ ਦੇ ਗਰਕ ਹੋਣ ਦਾ ਕਾਰਣ ਰਾਗ-ਰੰਗ ਤੇ ਵਿਲਾਸੀ ਰੁਚੀਆਂ ਨੂੰ ਮੰਨਦਾ ਸੀ। ਅਜੀਬ ਇਤਫ਼ਾਕ ਹੈ ਕਿ ਤਲਵਾਰ ਦੇ ਜ਼ੋਰ ਨਾਲ ਸਥਾਪਿਤ ਮੁਗਲ ਸਾਮਰਾਜ ਦਾ ਪਤਨ ਰਾਗ-ਰੰਗ ਦੀ ਵਿਲਾਸਤਾ ਸੰਗ ਭਸਮ ਹੋ ਕੇ ਰਹਿ ਗਿਆ। ਪਰ ਗੁਰੂ ਨਾਨਕ ਦੇਵ ਜੀ ਦੀ ਇਲਾਹੀ ਬਾਣੀ ਅਤੇ ਰਬਾਬ ਦੀ ਮਧੁਰ ਝਣਕਾਰ (ਸੰਗੀਤ/ਗੁਰਮਤਿ ਸੰਗੀਤ) ਵਿਚੋਂ ਉਪਜੇ ਸਿੱਖ ਧਰਮ ਨੇ ਦਸਮ ਪਾਤਸ਼ਾਹ ਦੀ ਤਲਵਾਰ ਤਕ ਦਾ ਸਫ਼ਰ ਕੀਤਾ ਅਤੇ ਇਸ ਤਲਵਾਰ ਨੇ ਖਾਲਸੇ ਦੇ ਜਨਮ ਦੁਆਰਾ ਸਮੇਂ ਦੀ ਹਿੱਕ ਉਤੇ ਜ਼ੋਰ ਜ਼ੁਲਮ ਦੇ ਨਾਸ਼, ਸਤਿ ਦੇ ਸਦੀਵੀ ਪ੍ਰਕਾਸ਼ ਤੇ ਅਮਰ ਸੁਨੇਹਾ ਸਦਾ ਸਦਾ ਲਈ ਲਿਖ ਦਿੱਤਾ। ਖਾਲਸਾ ਬਾਵਜੂਦ ਲੱਖ ਵਾਰੀ ਸ਼ਹੀਦ ਹੋਣ ਦੇ ਭਸਮ ਤੇ ਨਸ਼ਟ ਹੋਣ ਦੀ ਬਜਾਏ ਗੁਲਜ਼ਾਰ ਬਣ ਖਿੜਿਆ।

ਗੁਰਮਤਿ ਸੰਗੀਤ ਦਾ ਇਤਿਹਾਸ ਮੁਗਲ ਦਰਬਾਰ ਦੇ ਦਰਬਾਰੀ ਸੰਗੀਤ ਦੇ ਸਮਾਂਨਤਰ ਤੇ ਸਮਕਾਲੀਨ ਰੂਪ ਵਿਚ ਉਜਾਗਰ ਹੁੰਦਾ ਹੈ। ਸੰਗੀਤ ਜਗਤ ਵਿਚ 'ਬਾਬਰ ਕੇ' ਤੇ 'ਬਾਬੇ ਕੇ' ਦੋ ਪ੍ਰਮੁੱਖ ਸੰਗੀਤ ਘਰਾਣਿਆਂ ਦੀਆਂ ਧਾਰਾਵਾਂ ਪ੍ਰਚਲਿਤ ਰਹੀਆਂ ਹਨ। ਗੁਰੂ ਬਾਬੇ ਨਾਨਕ ਦੇ ਦਰਬਾਰੀ ਰਬਾਬੀ, ਰਾਗੀ, ਮੁਗਲ ਬਾਦਸ਼ਾਹ ਦੇ ਦਰਬਾਰੀ ਸੰਗੀਤਕਾਰਾਂ ਨਾਲੋਂ ਹਮੇਸ਼ਾ

ਹੀ ਆਪਣੇ ਆਪ ਨੂੰ ਉੱਚੀ ਥਾਂ ਗਿਣਦੇ ਰਹੇ ਹਨ। ਇਸ ਮਾਣਤਾ ਦੀ ਸਥਾਪਤੀ ਸੰਪੂਰਨ ਪਰੰਪਰਾ ਵਜੋਂ ਹੋਈ, ਜਿਸ 'ਚ ਸਿੱਖ ਇਤਿਹਾਸ ਦੇ ਹਰ ਪਲ ਦਾ ਨਿਗਰ ਤੇ ਵਡੇਰਾ ਯੋਗਦਾਨ ਹੈ। ਇਸ ਮਹਾਨ ਪਰੰਪਰਾ ਦੇ ਵਿਭਿੰਨ ਪਰਿਪੇਖਾਂ ਨੂੰ ਵਰਤਮਾਨ ਦੇ ਪ੍ਰਸੰਗ ਵਿਚ ਅਸੀਂ ਸਿਧਾਂਤਕ ਤੇ ਕ੍ਰਿਆਤਮਿਕ ਰੂਪ ਵਿਚ ਪਛਾਣ ਰਹੇ ਹਾਂ, ਇਹ ਸਾਡੀ ਖੁਸ਼-ਕਿਸਮਤੀ ਹੈ। ਸਾਨੂੰ ਗੁਰਮਤਿ ਸੰਗੀਤ ਦੇ ਪ੍ਰਸਤੁਤੀ ਵਿਧਾਨ ਉਤੇ ਸੁਚੇਤ ਰੂਪ ਵਿਚ ਪਹਿਰਾ ਦੇਣਾ ਹੋਵੇਗਾ ਤਾਂ ਹੀ ਅਸੀਂ ਪਿਓ ਦਾਦੇ ਦੇ ਇਸ ਅਖੁੱਟ ਖਜ਼ਾਨੇ ਦੇ ਆਪਣੇ ਇਸ ਮਹਾਨ ਤੇ ਅਦੁੱਤੀ ਵਿਰਸੇ ਦੇ ਸਹੀ ਮੁੱਲਾਂ ਦੀ ਪਛਾਣ ਕਰਦਿਆਂ ਮਾਣ-ਮੱਤੇ ਮਹਿਸੂਸ ਕਰ ਸਕਾਂਗੇ।

ਗੁਰਮਤਿ ਸੰਗੀਤ ਦੀ ਇਸ ਪਹਿਚਾਣ ਨੂੰ ਕਾਇਮ ਰੱਖਣ ਲਈ 'ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਇਕ ਇਤਿਹਾਸਕ ਕਦਮ ਚੁਕਿਆ ਹੈ। ਸੀਨੀਅਰ ਸੈਕਡਰੀ ਦੀਆਂ ਸ਼੍ਰੇਣੀਆਂ ਵਿਚੋਂ ਚੋਣਵੇਂ ਵਿਸ਼ੇ ਵਜੋਂ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਬੀ. ਏ. ਅਤੇ ਐਮ. ਏ. ਪੱਧਰ ਦੇ ਸੰਗੀਤ ਪਾਠਕ੍ਰਮ ਵਿਚ ਗੁਰਮਤਿ ਸੰਗੀਤ ਨੂੰ ਉਚਿਤ ਅਤੇ ਲਾਜ਼ਮੀ ਵਿਸ਼ੇ ਵਜੋਂ ਅਧਿਐਨ ਕਰਵਾਇਆ ਜਾਣਾ ਹੈ। ਆਸ ਹੈ, ਇਸ ਜਤਨ ਨਾਲ ਗੁਰਮਤਿ ਸੰਗੀਤ ਦੀ ਸੂਖਸ਼ਮ ਪਹਿਚਾਣ ਅਤੇ ਤੁਲਨਾਤਮਿਕ ਵਿਸਤ੍ਰਿਤ ਅਧਿਐਨ ਸੰਭਵ ਹੋ ਸਕੇਗਾ।

ਪੰਜਾਬ ਦੀ ਧਰਤੀ ਦੀ ਇਹ ਗੌਰਵਸ਼ਾਲੀ ਪਰੰਪਰਾ ਦਾ ਅਕਾਦਮਿਕ ਪੱਧਰ ਤੇ ਪ੍ਰਚਲਨ ਅਤੇ ਅਕਾਦਮਿਕ ਅਧਿਐਨ ਇਸ ਪਰੰਪਰਾ ਨੂੰ ਵਿਗਿਆਨਕ ਲੀਹਾਂ ਪ੍ਰਦਾਨ ਕਰੇਗਾ, ਜੋ ਸੰਗੀਤ ਦੇ ਖੇਤਰ ਵਿਚ ਇਕ ਮਹਾਨ ਉਪਲੱਬਧੀ ਸਿੱਧ ਹੋਵੇਗਾ। ਇਸੇ ਆਸ ਨਾਲ ਇਸ ਪੁਸਤਕ ਵਿਚ ਗੁਰਮਤਿ ਸੰਗੀਤ ਸੰਬੰਧੀ ਕੁੱਝ ਖੋਜ ਰਚਨਾਵਾਂ ਪ੍ਰਸਤੁਤ ਕੀਤੀਆਂ ਜਾ ਰਹੀਆਂ ਹਨ। ਜਿਹਨਾਂ ਵਿਦਵਾਨਾਂ ਦੀਆਂ ਰਚਨਾਵਾਂ ਇਸ ਅੰਕ ਵਿਚ ਸ਼ਾਮਲ ਕੀਤੀਆਂ ਗਈਆਂ ਹਨ, ਅਸੀਂ ਉਹਨਾਂ ਦੇ ਸ਼ੁਕਰਗੁਜ਼ਾਰ ਹਾਂ। ਇਹ ਅੰਕ ਸਮੂਹ ਵਿਦਿਆਰਥੀਆਂ ਅਤੇ ਪਾਠਕਾਂ ਲਈ ਲਾਹੇਵੰਦ ਸਿੱਧ ਹੋਵੇਗੀ। ਇਸ ਸੰਬੰਧ ਵਿਚ ਆਪ ਦੁਆਰਾ ਦਿਤੇ ਗਏ ਸੁਝਾਅ ਸਾਡਾ ਰਾਹ ਰੁਸ਼ਨਾਵਣਗੇ।

— ਗੁਰਨਾਮ ਸਿੰਘ (ਡਾ:),
'ਰੀਡਰ' ਸੰਗੀਤ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ।

# ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ

—ਪ੍ਰੋ. ਸ਼ਮਸ਼ਾਦ ਅਲੀ

ਸਦੀਆਂ ਤੋਂ ਲੈ ਕੇ ਆਪਣੇ ਆਪਣੇ ਉਦੇਸ਼ ਦੀ ਪ੍ਰਾਪਤੀ ਦੇ ਲਈ ਧਾਰਮਿਕ ਸਾਧਕ ਕਾਰਜ਼ਸ਼ੀਲ ਰਹੇ ਹਨ। ਜਿਹਨਾਂ ਦੀ ਸਾਧਨਾ ਪਥ ਵਿਚ ਅਨੇਕ ਭਿੰਨਤਾਵਾਂ ਹੁੰਦੇ ਹੋਏ ਹਰੇਕ ਦੀ ਸਾਧਨਾ ਦਾ ਉਦੇਸ਼ ਇਕ ਹੀ ਪ੍ਰਭੂ ਭਗਤੀ ਹੈ। ਇਸ ਤਰ੍ਹਾਂ-ਤਰ੍ਹਾਂ ਦੀ ਧਰਮ ਭਾਵਨਾ ਨੇ ਭਾਰਤੀ ਲੋਕਾਂ ਵਿਚ ਨਾ ਕੇਵਲ ਦਾਰਸ਼ਨਿਕਵਾਦਾਂ ਅਤੇ ਧਾਰਮਿਕ ਮਤਾਂ ਨੂੰ ਹੀ ਜਨਮ ਦਿੱਤਾ ਬਲਕਿ ਇੱਥੋਂ ਦੀਆਂ ਕਲਾਵਾਂ ਤੇ ਵੀ ਇਸ ਦਾ ਗਹਿਰਾ ਪ੍ਰਭਾਵ ਪਿਆ, ਇੱਥੋਂ ਤੱਕ ਕਿ ਇਹਨਾਂ ਕਲਾਵਾਂ ਦੇ ਅਧਿਐਨ ਅਤੇ ਵਿਆਖਿਆਵਾਂ ਤੋਂ ਧਰਮ ਦੀ ਮੂਲ ਪ੍ਰਵਿਰਤੀ ਪਾਈ ਜਾਂਦੀ ਹੈ। ਇਥੇ ਅਸੀਂ ਆਪਣੇ ਵਿਸ਼ੇ ਨਾਲ ਸੰਬੰਧਤ ਸਿਰਫ ਗੁਰਮਤਿ ਸੰਗੀਤ ਬਾਰੇ ਹੀ ਵਿਚਾਰ ਕਰਨੀ ਹੈ।

ਮੱਧਕਾਲ ਵਿੱਚ ਉੱਤਰੀ ਭਾਰਤ ਵਿੱਚ ਇੱਕ ਲਹਿਰ ਭਗਤੀ ਲਹਿਰ ਜਾਂ ਭਗਤੀ ਅੰਦੋਲਨ ਦੇ ਨਾਂ ਤੇ ਚੱਲੀ। ਇਸ ਧਾਰਮਿਕ ਅੰਦੋਲਨ ਵਿਚ ਕਾਵਿ ਅਤੇ ਸੰਗੀਤ ਇੱਕ ਸੰਯੁਕਤ ਮਾਧਿਅਮ ਦੇ ਰੂਪ ਵਿਚ ਉਜਾਗਰ ਹੋਇਆ। ਭਗਤ ਕਵੀਆਂ ਦੁਆਰਾ ਰਚਿਤ ਕਾਵਿ ਨੂੰ 'ਭਗਤੀ ਕਾਵਿ' ਅਤੇ ਇਸ ਭਗਤੀ ਕਾਵਿ ਦੀ ਪ੍ਰਸਤੁਤੀ ਲਈ ਪ੍ਰਯੋਗ ਕੀਤੇ ਸੰਗੀਤ ਨੂੰ 'ਭਗਤੀ ਸੰਗੀਤ' ਕਿਹਾ ਗਿਆ। ਇਸੇ ਕਾਲ ਵਿੱਚ ਉੱਤਰੀ ਭਾਰਤ ਵਿੱਚ ਇੱਕ ਵਿਲੱਖਣ ਸੰਗੀਤ ਪਰੰਪਰਾ ਦੀ ਉਤਪਤੀ ਹੋਈ, ਜਿਸ ਦਾ ਨਾਮ 'ਗੁਰਮਤਿ ਸੰਗੀਤ' ਪਰੰਪਰਾ ਹੈ। 'ਗੁਰਮਤਿ ਸੰਗੀਤ' ਦੇ ਪ੍ਰਵਰਤਕ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ **(1469-1539 ਈ:)** ਸਨ। ਗੁਰੂ ਨਾਨਕ ਦੇਵ ਜੀ ਨੇ ਉਹਨਾਂ ਧਾਰਮਿਕ ਮੁੱਲਾਂ ਦਾ ਵੀ ਪ੍ਰਚਾਰ ਕੀਤਾ ਜੋ ਆਪ ਜੀ ਦੇ ਸਿਧਾਂਤਾਂ ਦੇ ਅਨੁਕੂਲ ਸਨ ਪਰੰਤੂ ਉਹਨਾਂ ਭਗਤੀ ਲਹਿਰ ਦੇ ਅੰਤਰਗਤ ਆਪਣੇ ਨਿੱਜੀ ਧਰਮ ਚਿੰਤਨ ਦੇ ਆਧਾਰ ਤੇ ਭਗਤੀ ਦੀ ਇਕ ਨਵੀਂ ਤੇ ਵਿਲੱਖਣ ਪ੍ਰਣਾਲੀ ਦੀ ਸਥਾਪਨਾ ਕੀਤੀ, ਜਿਸ ਦਾ ਨਾਂ 'ਗੁਰਮਤਿ ਸੰਗੀਤ'' ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਦੇ ਸਭ ਧਰਮਾਂ ਦੇ ਭੂਤ, ਭਵਿੱਖ ਅਤੇ ਵਰਤਮਾਨ ਦਾ ਆਪਣੇ ਚਿੰਤਨ ਦੁਆਰਾ ਮੰਥਨ ਕਰਕੇ ਇਕ ਨਵੀਨ ਧਰਮ ਮਾਰਗ ਬਣਾਇਆ ਜੋ ਸਿੱਖ ਧਰਮ ਦੇ ਨਾਮ ਨਾਲ ਪ੍ਰਚਲਿਤ ਹੋਇਆ। ਇਹ ਧਰਮ ਭਾਰਤ ਵਿੱਚ ਹਿੰਦੂ ਅਤੇ ਮੁਸਲਮਾਨੀ ਸਭਿਆਚਾਰਕ ਧਾਰਾਵਾਂ ਵਿੱਚ ਇੱਕ ਕੜੀ ਦੇ ਰੂਪ ਵਿੱਚ ਸਾਹਮਣੇ ਆਇਆ। ਇਸੇ ਕਾਰਨ ਗੁਰੂ ਨਾਨਕ ਦੇਵ ਜੀ ਇੱਕੋ ਸਮੇਂ ਗੁਰੂ ਅਤੇ ਪੀਰ ਦੇ ਰੂਪ ਵਿਚ ਸਤਿਕਾਰੇ ਗਏ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਗਤੀ ਲਹਿਰ ਦੇ ਪੂਰਵ ਕਾਲੀਨ ਅਤੇ

ਸਮਕਾਲੀਨ ਭਗਤਾਂ ਨੇ ਬਾਣੀ ਸੰਗੀਤ ਦਾ ਪ੍ਰਯੋਗ ਕੀਤਾ। ਪਰੰਤੂ ਇਹ ਪ੍ਰਯੋਗ ਸਿਧਾਂਤਿਕ ਅਤੇ ਵਿਵਿਹਾਰਿਕ ਪੱਧਰ ਤੇ ਇੱਕ ਨਵੀਨ ਅਤੇ ਵਿਲੱਖਣ ਪਰੰਪਰਾ ਦੇ ਰੂਪ ਵਿੱਚ ਸਥਾਪਿਤ ਹੋਣ ਦੀ ਭਾਵਨਾ ਤੋਂ ਰਹਿਤ ਰਿਹਾ। ਭਗਤੀ ਲਹਿਰ ਦੀਆਂ ਕੁਝ ਪਰੰਪਰਾਵਾਂ ਵਿਚ ਨਾਚ, ਨਾਟਕਾਰੀ ਅਤੇ ਅਭਿਨੈਕਾਰੀ ਦੇ ਰੰਗ ਵਿਚ ਭਗਤੀ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਗਾਇਨ (ਕੀਰਤਨ) ਨੂੰ ਅਧਿਆਤਮਿਕ ਰਹੱਸਵਾਦੀ ਮੰਡਲਾਂ ਦੇ ਮਾਧਿਅਮ ਦੇ ਰੂਪ ਵਿੱਚ ਅਪਣਾਇਆ ਅਤੇ ਨਾਚ, ਨਾਟਕਾਰੀ ਅਤੇ ਅਭਿਨੈਕਾਰੀ ਨੂੰ ਭਗਤੀ ਦੇ ਸੰਦਰਭ ਵਿਚ ਵਰਜਿਤ ਕੀਤਾ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਨੂੰ ਵਭਿੰਨ ਰਾਗਾਂ ਅਤੇ ਵਭਿੰਨ ਗਾਇਨ ਸ਼ੈਲੀਆਂ ਵਿਚ ਉਚਾਰਣ ਕੀਤਾ। ਇਸ ਸੰਗੀਤ ਪਰੰਪਰਾ ਵਿਚ ਲੋਕ ਗਾਇਨ ਸ਼ੈਲੀਆਂ ਨੂੰ ਉਹਨਾਂ ਦੇ ਦੇਸੀ ਰਾਗ ਦੇ ਅੰਤਰਗਤ ਗਾਉਣ ਦਾ ਆਦੇਸ਼ ਹੈ। ਗੁਰਬਾਣੀ ਦੇ ਗਾਇਨ ਲਈ ਨਿਸਚਿਤ ਸੰਗੀਤ ਵਿਧਾਨ ਹੈ ਜੋ ਰਾਗ, ਗਾਇਨ ਸ਼ੈਲੀ, ਰਹਾਉ, ਅੰਕ ਅਤੇ ਘਰੁ ਵਰਗੇ ਸੰਗੀਤ ਸੰਕੇਤਾਂ ਦਾ ਧਾਰਨੀ ਹੈ। ਇਸ ਭਿੰਨ ਪਰੰਪਰਾ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਨੁਆਈਆਂ ਅਤੇ ਸਮੂੰਹ ਗੁਰੂ ਸਾਹਿਬਾਨ ਨੇ ਇਸ ਨੂੰ ਉਤਰਾਧਿਕਾਰੀ ਦੀ ਤਰ੍ਹਾਂ ਅਪਣਾਇਆ ਅਤੇ ਸਿੱਖਾਂ ਵਿੱਚ ਵਿਵਿਹਾਰਿਕ ਪੱਧਰ ਤੇ ਇਸ ਦੇ ਵਿਧੀ ਪੂਰਵਕ ਪ੍ਰਯੋਗ ਨੂੰ ਲਾਜ਼ਮੀ ਕਰ ਦਿੱਤਾ ਗਿਆ। ਕੀਰਤਨ ਦੀ ਸੰਸਥਾ ਨੂੰ ਸਦਾ ਸਦਾ ਲਈ ਜਾਰੀ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਆਪ ਹੀ ਸਾਰੇ ਪ੍ਰਬੰਧ ਕਰ ਦਿਤੇ ਸਨ। ਜਿਵੇਂ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਬਾਣੀ ਦੀਆਂ ਪੋਥੀਆਂ ਦੇਣ ਦੇ ਨਾਲ ਹੀ ਬਾਣੀ ਦਾ ਗਾਇਨ ਕਰਨ ਲਈ ਬਲਵੰਡ ਰਬਾਬੀ ਵੀ ਗੁਰੂ ਸਾਹਿਬ ਨੇ ਨਾਲ ਭੇਜਿਆ। 'ਗੁਰਮਤਿ ਸੰਗੀਤ' ਦੀ ਇਹ ਮਹਾਨ ਪਰੰਪਰਾ ਅੱਜ ਵੀ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਵਿਚ ਵਿਦਮਾਨ ਹੈ, ਜਿਸ ਵਿਚ ਹੋਰ ਸੰਤਾਂ, ਭਗਤਾਂ ਅਤੇ ਸੂਫੀਆਂ ਦੀ ਬਾਣੀ ਨੂੰ 'ਗੁਰਮਤਿ ਸੰਗੀਤ' ਪਰੰਪਰਾ ਅਨੁਸਾਰ ਸੰਕਲਿਤ ਕੀਤਾ ਗਿਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਦੇ ਸਤਿ ਨੂੰ ਲੋਕਾਈ ਦੇ ਸਾਹਮਣੇ ਪ੍ਰਸਤੁਤ ਕਰਨ ਲਈ ਸੰਗੀਤ ਨੂੰ ਇਕ ਵਸ਼ਿਸ਼ਟ ਸੰਚਾਰ ਮਾਧਿਅਮ ਵਜੋਂ ਅਪਣਾਇਆ। ਇਸ ਕਾਰਜ ਦੀ ਪੂਰਤੀ ਹਿੱਤ ਉਹਨਾਂ ਭਾਈ ਮਰਦਾਨੇ ਨੂੰ, ਜੋ ਸੰਗੀਤ ਨੂੰ ਜਾਣਨ ਵਾਲਾ ਸੀ ਅਤੇ ਜਿਸ ਨੂੰ ਗੁਰੂ ਘਰ ਦੇ ਪ੍ਰਥਮ ਕੀਰਤਨੀਏ ਹੋਣ ਦਾ ਮਾਣ ਹਾਸਿਲ ਹੈ, ਨੂੰ ਨਾਲ ਲਿਆ ਅਤੇ ਦੇਸ਼ ਵਿਦੇਸ਼ ਵਿੱਚ ਕੀਰਤਨ ਦੁਆਰਾ ਇਲਾਹੀ ਬਾਣੀ ਨੂੰ ਲੋਕਾਂ ਤੱਕ ਪਹੁੰਚਾਇਆ। ਗੁਰੂ ਜੀ ਜਦੋਂ ਵਿਸਮਾਦ ਵਿਚ ਆ ਕੇ 'ਧੁਰ ਕੀ ਬਾਣੀ' ਦਾ ਗਾਇਨ ਕਰਦੇ ਤਾਂ ਮਰਦਾਨਾ ਰਬਾਬ ਵਜਾਉਂਦਾ,'ਧੁਰ ਕੀ ਬਾਣੀ' ਗੁਰੂ ਨਾਨਕ ਦੇਵ ਜੀ ਦੇ ਬੋਲ ਤੇ ਭਾਈ ਮਰਦਾਨਾ ਦੀ ਰਬਾਬ ਰਲ ਕੇ ਅਗੰਮੀ ਹੁਲਾਰੇ ਦੀ ਛਹਿਬਰ ਲਗਾ ਦਿੰਦੇ ਸਨ। ਗੁਰੂ ਸਾਹਿਬ ਜਿੱਥੇ ਵੀ ਗਏ ਮਰਦਾਨਾ ਹਮੇਸ਼ਾਂ ਉਹਨਾਂ ਦੇ ਨਾਲ ਰਿਹਾ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਰਾਗਾਂ ਵਿਚ ਰਚੀ ਅਤੇ ਗੁਰਬਾਣੀ ਦੇ ਕੀਰਤਨ ਦਾ ਆਦੇਸ਼ ਵੀ ਦਿੱਤਾ। ਗੁਰੂ ਨਾਨਕ ਦੇਵ

ਜੀ ਨੇ ਜਿਹਨਾਂ ਰਾਗਾਂ ਵਿਚ ਬਾਣੀ ਉਚਾਰਨ ਕੀਤੀ ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ :—

ਮੁੱਖ ਰਾਗ : ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲ੍ਹਾਰ, ਪ੍ਰਭਾਤੀ ।

ਉਪ ਰਾਗ : ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਉੜੀ ਪੂਰਬੀ, ਗਉੜੀ ਦੀਪਕੀ, ਆਸਾ ਕਾਫ਼ੀ, ਵਡਹੰਸ ਦੱਖਣੀ, ਸੂਹੀ ਕਾਫ਼ੀ, ਬਿਲਾਵਲ ਦੱਖਣੀ, ਰਾਮਕਲੀ ਦੱਖਣੀ, ਮਾਰੂ ਕਾਫ਼ੀ, ਮਾਰੂ ਦੱਖਣੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦੱਖਣੀ ।

ਉਪਰੋਕਤ ਰਾਗਾਂ ਦੇ ਅਧਿਐਨ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਪ੍ਰਚਲਿਤ ਰਾਗਾਂ ਤੋਂ ਇਲਾਵਾ ਅਪ੍ਰਚਲਿਤ ਰਾਗਾਂ ਦਾ ਵੀ ਪ੍ਰਯੋਗ ਆਪਣੀ ਰਚਨਾ ਵਿਚ ਕੀਤਾ, ਜਿਸ ਤੋਂ ਉਹਨਾਂ ਦੀ ਸੰਗੀਤ ਸੰਬੰਧੀ ਸੂਖਮ ਸੂਝ ਦਾ ਆਭਾਸ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਨੇ ਉਪਰੋਕਤ ਰਾਗਾਂ ਵਿਚ ਅਸ਼ਟਪਦੀਆਂ, ਪਦੇ, ਛੰਤ ਅਤੇ ਵਾਰ ਆਦਿ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ।

ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਸੰਗੀਤ ਦੇ ਵਿਕਾਸ ਲਈ ਕਰਤਾਰਪੁਰ ਸਾਹਿਬ (ਜੋ ਅੱਜ ਕਲ੍ਹ ਪਾਕਿਸਤਾਨ ਵਿਚ ਹੈ) ਨੂੰ ਕੀਰਤਨ ਕੇਂਦਰ ਵਜੋਂ ਸਥਾਪਿਤ ਕੀਤਾ । ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਗੁਰਮਤਿ ਸੰਗੀਤ ਦੀ ਇਹ ਪਰੰਪਰਾ ਬਾਕੀ ਗੁਰੂ ਸਾਹਿਬਾਨ ਲਈ ਮਾਡਲ ਵਜੋਂ ਕਾਰਜ ਕਰ ਰਹੀ ਹੈ ਕਿਉਂ ਕਿ ਜੋ ਬਾਅਦ ਵਿੱਚ ਸਮੂੰਹ ਗੁਰੂ ਸਾਹਿਬਾਨ ਨੇ ਇਸ ਪਰੰਪਰਾ ਨੂੰ ਸਿੱਧਾਂਤਕ ਤੇ ਕਿਰਿਆਤਮਿਕ ਰੂਪ ਵਿਚ ਵਿਕਸਿਤ ਕੀਤਾ ।

# ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ

ਡਾ: ਜਾਗੀਰ ਸਿੰਘ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਣਤਰ ਦਾ ਅਧਿਐਨ ਕਰੀਏ ਤਾਂ ਸਪਸ਼ਟ ਹੈ ਕਿ ਇਸ ਦੀ ਬਣਤਰ ਰਾਗਾਂ ਅਨੁਸਾਰ ਹੈ। ਇਸ ਦਾ ਤੱਤਕਰਾ ਮੁੱਖ ਰੂਪ ਵਿਚ ਰਾਗਾਂ ਅਨੁਸਾਰ ਹੈ, ਬਾਣੀ ਨੂੰ ਰਾਗਾਂ ਅਨੁਸਾਰ ਦਰਜ ਕੀਤਾ ਗਿਆ ਹੈ ਅਤੇ ਲਗਭਗ ਹਰ ਸ਼ਬਦ ਉਤੇ ਰਾਗ ਦਾ ਨਾਮ ਲਿਖਿਆ ਗਿਆ ਹੈ। ਸ਼ਾਇਦ ਹੀ ਕੋਈ ਐਸਾ ਹੋਰ ਗਰੰਥ ਹੋਵੇ ਜਿਸ ਦੀ ਰਚਨਾ ਇਸ ਢੰਗ ਨਾਲ ਕੀਤੀ ਗਈ ਹੋਵੇ।

ਇਸ ਦੀ ਬਣਤਰ ਕਵੀਆਂ ਅਨੁਸਾਰ ਅਤੇ ਕਾਵਿ ਰੂਪਾਂ ਅਨੁਸਾਰ ਵੀ ਹੋ ਸਕਦੀ ਸੀ ਪਰ ਗੁਰੂ ਸਾਹਿਬ ਨੇ ਰਾਗ ਨੂੰ ਪਹਿਲ ਦਿੱਤੀ।

ਰਾਗ ਗੁਰਬਾਣੀ ਦਾ ਰਚਨਾ ਮੂਲਕ ਤੱਤ ਹੈ। ਗੁਰਬਾਣੀ ਦੇ ਹਰ ਸ਼ਬਦ ਉਪਰ ਰਾਗ ਦਾ ਨਾਂ ਪਹਿਲਾਂ ਲਿਖਿਆ ਗਿਆ ਹੈ। ਜਨਮ ਸਾਖੀਆਂ ਦੇ ਹਵਾਲਿਆਂ ਅਤੇ ਖੋਜੀਆਂ ਦੀਆਂ ਟਿੱਪਣੀਆਂ ਤੋਂ ਪਤਾ ਲਗਦਾ ਹੈ ਕਿ ਰਾਗ ਅਤੇ ਬਾਣੀ ਇਕੱਠੇ ਹੀ ਉਚਾਰੇ ਗਏ। ਸਗੋਂ ਪਹਿਲਾਂ ਰਾਗ ਨਾਲ ਬਾਣੀ ਸਿਰਜਣਾ ਲਈ ਵਾਤਾਵਰਣ ਤਿਆਰ ਹੁੰਦਾ ਰਿਹਾ ਹੈ। 'ਪੁਰਾਤਨ ਜਨਮ ਸਾਖੀ' ਵਿਚ ਅਨੇਕ ਹਵਾਲੇ ਮਿਲਦੇ ਹਨ ਜਿੱਥੇ ਗੁਰੂ ਨਾਨਕ ਦੇਵ ਜੀ ਮਰਦਾਨੇ ਨੂੰ ਕਹਿੰਦੇ ਹਨ :

**"ਮਰਦਾਨਿਆ ਰਬਾਬ ਵਜਾ ਬਾਣੀ ਆਈ।"**

**ਤਬ ਮਰਦਾਨੇ ਰਾਗ ਕੀਤਾ।**

ਇਸ ਤਰ੍ਹਾਂ ਰਾਗ ਦੀਆਂ ਸੁਰਾਂ, ਪਹਿਲਾਂ ਵਜਾਈਆਂ ਗਈਆਂ ਫਿਰ ਬਾਣੀ ਰਚੀ ਗਈ। ਪਿੱਛੇ ਜਿਹੇ ਮੰਗਲਾਚਰਣ ਅਤੇ ਰਾਗ ਦੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਸਥਾਨ ਬਾਰੇ ਵਾਦ-ਵਿਵਾਦ ਹੁੰਦਾ ਰਿਹਾ ਹੈ, ਜਿਸ ਕਾਰਨ ਵਿਦਵਾਨਾਂ ਵਿਚ ਧੜੇਬੰਦੀ ਤਲਖ਼ ਕਲਾਮੀ ਤੱਕ ਪੁੱਜ ਰਹੀ ਹੈ। ਜੇ ਮੈਨੂੰ ਕਿਸੇ ਧੜੇ ਨਾਲ ਸਬੰਧਤ ਨਾ ਕੀਤਾ ਜਾਵੇ ਤਾਂ ਬੇਨਤੀ ਕਰਾਂ ਕਿ ਰਾਗ ਦਾ ਨਾਮ ਪਾਠੀ ਲਈ ਜਾਂ ਵਿਦਵਾਨ ਲਈ ਨਹੀਂ ਲਿਖਿਆ ਗਿਆ। ਇਹ ਕੀਰਤਨੀਏ ਲਈ ਲਿਖਿਆ ਗਿਆ ਹੈ। ਜਿਸ ਨੇ ਕੋਈ ਸ਼ਬਦ ਗਾਉਣਾ ਹੈ ਤਾਂ ਉਹ ਉਸ ਰਾਗ ਦੀਆਂ ਸੁਰਾਂ ਪਹਿਲਾਂ ਵਜਾਏਗਾ। ਫਿਰ ਉਹਨਾਂ ਉਤੇ ਮੰਗਲਾਚਰਣ ਦਾ ਆਲਾਪ ਕਰੇਗਾ ਅਤੇ ਫਿਰ ਸ਼ਬਦ ਦਾ ਗਾਇਨ ਕਰੇਗਾ। ਇਸ ਵਿਧੀ ਨੂੰ ਧਿਆਨ

ਵਿਚ ਰਖੀਏ ਤਾਂ ਰਾਗ ਦਾ ਨਾਂ ਮੰਗਲਾਚਰਣ ਤੋਂ ਪਹਿਲਾਂ ਲਿਖਣਾ ਉਚਿਤ ਪ੍ਰਤੀਤ ਹੁੰਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗ ਵਿਲੱਖਣ ਹਨ ਕਿਉਂਕਿ ਇਥੇ ਇਹਨਾਂ ਦਾ ਪ੍ਰਯੋਗ ਬਾਣੀ ਦੇ ਭਾਵਾਂ ਦੇ ਅਨੁਕੂਲ ਕੀਤਾ ਗਿਆ ਹੈ। ਮੁਖ ਰੂਪ ਵਿਚ ਗੰਭੀਰ ਸ਼ਾਂਤੀ ਅਤੇ ਕਰੁਣ ਭਾਵਾਂ ਲਈ ਸਿਰੀ, ਗਉੜੀ, ਰਾਮਕਲੀ, ਭੈਰਉ ਆਦਿ ਰਾਗ ਦਾ ਪ੍ਰਯੋਗ ਕੀਤਾ ਗਿਆ ਹੈ। ਖੁਸ਼ੀ ਦੇ ਭਾਵਾਂ ਲਈ ਬਿਲਾਵਲ, ਸੂਹੀ, ਬਿਹਾਗੜਾ, ਬਸੰਤ, ਮਲ੍ਹਾਰ ਆਦਿ ਰਾਗ ਵਰਤੇ ਗਏ ਹਨ। ਧਾਰਮਿਕ ਭਗਤੀ ਭਾਵਾਂ ਲਈ ਗੂਜਰੀ, ਧਨਾਸਰੀ, ਸੋਰਠਿ ਆਦਿ ਰਾਗ ਅਤੇ ਉਤਸ਼ਾਹ ਭਰਪੂਰ ਭਾਵ ਪ੍ਰਗਟ ਕਰਨ ਲਈ ਮਾਝ, ਆਸਾ, ਪ੍ਰਭਾਤੀ ਆਦਿ ਰਾਗ ਪ੍ਰਯੁਕਤ ਹੋਏ ਹਨ।

ਨਿਰਧਾਰਤ ਰਾਗ ਵਿਚ ਰਲਾ ਕੇ ਜਦੋਂ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ ਤਾਂ ਉਸ ਦਾ ਅਰਥ ਸਮਝਾਉਣ ਦੀ ਲੋੜ ਨਹੀਂ ਪੈਂਦੀ ਸਗੋਂ ਭਾਵ ਆਪਣੇ ਆਪ ਮਨ ਵਿਚ ਵਸ ਜਾਂਦਾ ਹੈ। ਇਸ ਲਈ ਬਾਣੀ ਨੂੰ ਨਿਰੋਲ ਸਾਧਾਰਨ ਕਵਿਤਾ ਵਾਂਗ ਪੜ੍ਹਨਾ ਉਸ ਨਾਲ ਵੱਡੀ ਬੇਇਨਸਾਫੀ ਹੈ।

ਗੁਰੂ ਸਾਹਿਬਾਨ ਨੇ ਰਾਗ ਦੀਆਂ ਸੁਰਾਂ ਤਕ ਹੀ ਬਾਣੀ ਦੇ ਗਾਇਨ ਨੂੰ ਸੀਮਤ ਨਹੀਂ ਕੀਤਾ ਸਗੋਂ ਹੋਰ ਸਪਸ਼ਟ ਕਰਨ ਲਈ ਧੁਨੀਆਂ ਦੇ ਨਿਰਦੇਸ਼ ਵੀ ਦੇ ਦਿੱਤੇ ਜਿਸ ਕਾਰਨ ਇਹ ਰਾਗ ਆਮ ਤੋਂ ਵਿਸ਼ੇਸ਼ ਬਣ ਗਏ। ਇਸ ਗੱਲ ਲਈ ਵਾਰਾਂ ਦੀਆਂ ਧੁਨੀਆਂ ਅਤੇ ਵਾਰਾਂ ਵਾਲੇ ਨਿਰਦੇਸ਼ ਵਾਚੇ ਜਾ ਸਕਦੇ ਹਨ।

ਉਸ ਵੇਲੇ ਰਾਗ ਵੀ ਮਨੁੱਖਾਂ ਵਾਂਗ ਵਿਸ਼ੇਸ਼ ਸਥਾਨਾਂ, ਸਮਿਆਂ ਅਤੇ ਜਾਤੀਆਂ ਨਾਲ ਜੁੜੇ ਹੋਏ ਸਨ। ਇਕ ਜਾਤੀ ਦੇ ਜਾਂ ਸਥਾਨ ਦੇ ਲੋਕ ਦੂਜੀ ਜਾਤੀ ਜਾਂ ਸਥਾਨ ਦੇ ਰਾਗਾਂ ਨੂੰ ਬੁਰਾ ਸਮਝਦੇ ਸਨ। ਗੁਰੂ ਸਾਹਿਬ ਨੇ ਜਿਵੇਂ ਮਨੁੱਖਾਂ ਨੂੰ ਬਰਾਬਰ ਦਾ ਦਰਜਾ ਦਿੰਦਿਆਂ ਚੰਗੇ ਕੰਮ ਕਰਨ ਵਾਲਿਆਂ ਨੂੰ ਚੰਗੇ ਮਨੁੱਖ ਕਿਹਾ ਇਸੇ ਤਰ੍ਹਾਂ ਉਹਨਾਂ ਨੇ ਤ੍ਰਿਸ਼ਨਾਂ ਖਤਮ ਕਰਨ ਵਾਲੇ ਅਤੇ ਪ੍ਰਮਾਤਮਾ ਨੂੰ ਮਨ ਵਿਚ ਵਸਾਉਣ ਲਈ ਮਦਦ ਕਰਨ ਵਾਲੇ ਰਾਗਾਂ ਨੂੰ 'ਧੰਨ' ਅਤੇ 'ਭਲੇ' ਕਿਹਾ।

**"ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ"।**
**"ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ"॥**

ਇਸ ਪੱਖੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਕੀਤੇ ਸਾਰੇ ਹੀ ਰਾਗ ਧੰਨ ਅਤੇ ਭਲੇ ਕਹੇ ਜਾ ਸਕਦੇ ਹਨ।

ਰਾਗਾਂ ਦਾ ਪ੍ਰਯੋਗ ਸੰਗੀਤਕਾਰਾਂ ਵੱਲੋਂ ਆਪਣੇ ਦਾਤਿਆਂ ਦੀਆਂ ਵਿਲਾਸੀ ਰੁਚੀਆਂ ਨੂੰ ਤ੍ਰਿਪਤ ਕਰਨ ਲਈ ਵੀ ਹੁੰਦਾ ਰਿਹਾ ਹੈ। ਪਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਪ੍ਰਯੋਗ ਕੀਤੇ ਕੁੱਝ ਰਾਗਾਂ ਬਾਰੇ ਵਿਸ਼ੇਸ਼ ਟਿਪਣੀਆਂ ਦੇ ਕੇ ਉਹਨਾਂ ਰਾਗਾਂ ਨੂੰ ਉਚੇਰਾ ਦਰਜਾ ਪ੍ਰਦਾਨ ਕਰ ਦਿੱਤਾ। ਇਸ ਵਾਸਤੇ ਸਿਰੀ, ਗਉੜੀ, ਗੂਜਰੀ, ਸੋਰਠਿ, ਧਨਾਸਰੀ,

ਬਿਲਾਵਲੁ, ਵਡਹੰਸ, ਰਾਮਕਲੀ, ਮਾਰੂ, ਕੇਦਾਰਾ ਆਦਿ ਰਾਗਾਂ ਬਾਰੇ ਟਿਪਣੀਆਂ ਵਾਚੀਆਂ ਜਾ ਸਕਦੀਆਂ ਹਨ।

ਅਜੋਕੇ ਸਮੇਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਨੂੰ ਗਾਇਨ ਕਰਨ ਬਾਰੇ ਵੀ ਅਜ ਕਲ੍ਹ ਵਿਵਾਦ ਪੂਰਨ ਚਰਚਾ ਚਲ ਰਹੀ ਹੈ। ਇਸ ਬਾਰੇ ਇਕ ਗੱਲ ਸਪਸ਼ਟ ਹੈ ਕਿ ਭਾਵੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦਾ ਢਾਂਚਾ ਹਿੰਦੁਸਤਾਨੀ ਸੰਗੀਤ ਵਾਲਾ ਹੀ ਹੋਵੇ ਪਰ ਉਹਨਾਂ ਰਾਗਾਂ ਨੂੰ ਗਾਇਨ ਕਰਨ ਦਾ ਢੰਗ ਨਿਸਚੇ ਹੀ ਵੱਖਰਾ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਨੂੰ ਇਕੱਲਿਆਂ ਨਹੀਂ ਗਾਇਆ ਜਾਂਦਾ ਹੈ। ਸਗੋਂ ਸਦਾ ਬਾਣੀ ਨਾਲ ਰਲਾ ਕੇ ਗਾਇਆ ਜਾਂਦਾ ਹੈ। ਜਿਵੇਂ ਕਿ ਪਹਿਲਾਂ ਬੇਨਤੀ ਕੀਤੀ ਗਈ ਹੈ ਕਿ ਗੁਰੂ ਸਾਹਿਬ ਨੇ ਰਾਗ ਦੇ ਨਾਲ ਨਾਲ ਕਈ ਥਾਵਾਂ ਤੇ ਧੁਨਾਂ (ਤਰਜ਼ਾਂ) ਬਾਰੇ ਵੀ ਸੰਕੇਤ ਕੀਤਾ ਹੈ ਅਤੇ ਬਾਣੀ ਦੇ ਸ਼ਬਦਾਂ ਉਤੇ ਕਈ ਥਾਵਾਂ ਤੇ ਰਾਗ ਦੇ ਨਾਲ ਨਾਲ ਕਾਵਿ ਰੂਪ ਦਾ ਵੀ ਸੰਕੇਤ ਦਿੱਤਾ ਹੈ, ਇਸ ਲਈ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ ਰਾਗ ਨੇ ਬਾਣੀ ਦੇ ਕਾਵਿ-ਰੂਪ ਅਤੇ ਛੰਦ ਦੇ ਅਨੁਕੂਲ ਗਾਇਆ ਜਾਣਾ ਹੈ।

ਫਿਰ ਗੁਰਬਾਣੀ ਗਾਇਨ ਕਰਨ ਸਮੇਂ ਸਮੁੱਚੀ ਜੀਵਨ ਜੁਗਤ ਨੇ ਵੀ ਆਪਣਾ ਪ੍ਰਭਾਵ ਪਾਉਣਾ ਹੈ। ਗੁਰਬਾਣੀ ਵਿਚ ਸਹਿਜ ਦਾ ਸਥਾਨ ਮਹਤਵਪੂਰਨ ਹੈ। ਇਹ ਗਾਇਨ ਸਹਿਜ ਨਾਲ ਹੋਣਾ ਹੈ। ਗੁਰਬਾਣੀ ਵਿਚ ਹੰਕਾਰ ਨਾ ਕਰਨ ਬਾਰੇ ਉਪਦੇਸ਼ ਹੈ। ਇਸ ਲਈ ਇਥੇ ਰਾਗ ਅਤੇ ਬਾਣੀ ਦਾ ਗਾਇਨ ਆਪਣੀ ਕਲਾ ਦਾ ਵਿਖਾਵਾ ਕਰਨ ਲਈ ਨਹੀਂ ਸਗੋਂ ਪ੍ਰਭੂ ਦੇ ਗੁਣ ਗਾਇਨ ਕਰਨ ਲਈ ਕੀਤਾ ਜਾਣਾ ਹੈ। ਹਉਮੈ ਵਿਚ ਕੀਤਾ ਗਿਆਂ ਗਾਇਨ ਬਿਰਥਾ ਹੈ।

ਗੁਰਬਾਣੀ ਸੰਗੀਤ (ਗਿਆਨ ਸਿੰਘ ਐਬਟਾਬਾਦ) ਅਤੇ ਗੁਰਬਾਣੀ ਸੰਗੀਤ (ਪ੍ਰਾਚੀਨ ਰੀਤ ਰਤਨਾਵਲੀ) ਪੁਸਤਕਾਂ ਵਿਚ, ਉਹਨਾਂ ਦੇ ਰਚਣਹਾਰਿਆਂ ਦੇ ਕਥਨ ਅਨੁਸਾਰ, ਖ਼ਾਨਦਾਨੀ ਰਾਗੀਆਂ ਰਬਾਬੀਆਂ ਦੀਆਂ ਰੀਤਾਂ ਜੋ ਉਹਨਾਂ ਸੀਨਾ ਬਸੀਨਾ ਸਿੱਖੀਆਂ ਸਨ, ਦਰਜ ਕੀਤੀਆਂ ਰੀਤਾਂ ਦੀਆਂ ਨੋਟੇਸ਼ਨਾਂ ਹਨ। ਮੈਂ ਨਹੀਂ ਸਮਝਦਾ ਕਿ ਇਹਨਾਂ ਵਿਚ ਪ੍ਰਯੋਗ ਕੀਤੇ ਰਾਗ ਰੂਪਾਂ ਨੂੰ ਪ੍ਰਮਾਣਿਕ ਨਾ ਮੰਨਿਆ ਜਾਵੇ।

ਗੁਰਬਾਣੀ ਕੀਰਤਨ ਦੀ ਪਰੰਪਰਾ ਅਜੋਕੇ ਭਾਰਤੀ ਸੰਗੀਤ ਨਾਲੋਂ ਨਿਸਚੇ ਹੀ ਪੁਰਾਤਨ ਹੈ। ਇਸ ਲਈ ਦਾਸ ਦੇ ਵਿਚਾਰ ਵਿਚ ਅਜੋਕੇ ਭਾਰਤੀ ਸੰਗੀਤ ਵਿਚ ਪ੍ਰਚਲਤ ਰਾਗ ਦੇ ਸਰੂਪਾਂ ਤੋਂ ਗੁਰਬਾਣੀ ਕੀਰਤਨ ਵਿਚ ਪ੍ਰਯੋਗ ਹੋਏ ਰਾਗਾਂ ਦੇ ਸਰੂਪ ਵਧ ਪ੍ਰਮਾਣੀਕ ਹਨ।

❀

# ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ

ਡਾ: ਗੁਰਨਾਮ ਸਿੰਘ

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਉਪਰ ਭਿੰਨ-ਭਿੰਨ ਰਾਗ, ਰਾਗ ਪ੍ਰਕਾਰਾਂ ਦਾ ਉਲੇਖ ਅਤੇ ਵਿਸ਼ਿਸ਼ਟ ਰਾਗਾਤਮਕ ਸੰਪਾਦਨਾ ਤੋਂ ਗੁਰਮਤਿ ਸੰਗੀਤ ਵਿਚ ਰਾਗ ਦਾ ਮਹੱਤਵ ਪ੍ਰਤੱਖ ਹੈ। ਇਸ ਤੋਂ ਬਿਨਾਂ ਰਾਗਾਤਮਕ ਗਾਇਨ ਅਤੇ ਭਿੰਨ-ਭਿੰਨ ਰਾਗਾਂ ਦੇ ਭਾਵਾਤਮਕ ਸਰੂਪ ਸੰਬੰਧੀ ਵੀ ਬਾਣੀ ਆਪਣੇ ਫੁਰਮਾਨਾਂ ਦੁਆਰਾ ਸਾਡਾ ਮਾਰਗ ਦਰਸ਼ਨ ਕਰ ਰਹੀ ਹੈ। ਗੁਰੂ ਸਾਹਿਬ ਦੁਆਰਾ ਦਰਸਾਏ ਗਏ ਮਾਰਗ ਉਤੇ ਚਲਦਿਆਂ ਗੁਰਮਤਿ ਅਨੁਸਾਰ ਪਾਲਣਯੋਗ ਬਾਕੀ ਮਰਿਆਦਾਵਾਂ ਵਾਂਙ ਭੀਰ ਮਤਿ ਅਨੁਸਾਰ ਸ਼ਬਦ ਕੀਰਤਨ ਵੀ ਲਾਜ਼ਮੀ ਹੈ। 'ਸ਼ਬਦ ਕੀਰਤਨ' ਦੀ ਮਰਿਆਦਾ ਦੇ ਪਰੰਪਰਾਗਤ ਵਿਕਾਸ ਨੇ ਵਰਤਮਾਨ ਸਮੇਂ ਇਕ ਵਿਸ਼ੇਸ਼ ਗਾਇਨ ਪ੍ਰਬੰਧ ਦਾ ਰੂਪ ਧਾਰਨ ਕਰ ਲਿਆ ਹੈ। ਭਾਵੇਂ ਇਸ ਨੂੰ 'ਗੁਰਮਤਿ ਸੰਗੀਤ' 'ਗੁਰਬਾਣੀ ਸੰਗੀਤ' ਸਿੱਖ ਸੰਗੀਤ ਆਦਿ ਵਿਭਿੰਨ ਨਾਵਾਂ ਨਾਲ ਪਰਿਭਾਸ਼ਿਤ ਕੀਤਾ ਜਾਣ ਲੱਗ ਪਿਆ ਹੈ ਪਰੰਤੂ ਇਸ ਪ੍ਰਬੰਧ ਦੀ ਮੂਲ ਪ੍ਰਕ੍ਰਿਆ ਕੇਵਲ 'ਸ਼ਬਦ ਕੀਰਤਨ' ਉਪਰ ਹੀ ਆਧਾਰਿਤ ਹੈ। 'ਸ਼ਬਦ ਕੀਰਤਨ' ਦੀ ਗਾਇਨ ਪ੍ਰਕ੍ਰਿਆ ਦੇ ਅੰਤਰਗਤ ਸ਼ਬਦ ਨੂੰ ਮੂਰਤੀਮਾਨ ਕਰਨ ਲਈ ਇਸ ਨੂੰ ਰਾਗ ਨਾਲ ਸੰਜੋਇਆ ਗਿਆ ਹੈ। ਇਸੇ ਕਰਕੇ ਸਮੂਹ ਬਾਣੀ ਰਾਗਾਂ ਤੇ ਭਿੰਨ-ਭਿੰਨ ਰਾਗ ਪ੍ਰਕਾਰਾਂ ਦੇ ਅੰਤਰਗਤ ਹੀ ਲਿਖਤ ਰੂਪ ਵਿਚ ਪ੍ਰਗਟ ਹੁੰਦੀ ਹੈ। ਰਾਗ ਦਾ ਇਹ ਪ੍ਰਯੋਗ ਸੰਗੀਤ ਦੀ ਕਿਸੇ ਵੀ ਸਾਧਾਰਣ ਪਰੰਪਰਾ ਤੋਂ ਅਲੱਗ ਹੈ ਕਿਉਂਕਿ ਇਸ ਦੁਆਰਾ ਉਸ ਰਾਗੈ ਨਾਦੈ ਬਾਹਰਾ ਵਾਲੇ ਖ਼ਾਲਕ ਦੇ ਆਦੇਸ਼ ਨੂੰ ਗਾਉਣਾ ਹੈ। ਪਰ ਗੁਰੂ ਸਾਹਿਬ ਰਾਗ ਦੀ ਸ਼ਕਤੀ ਤੇ ਰਾਗ ਦੀ ਕੀਮਤ ਨੂੰ ਪੂਰਨ ਰੂਪ ਵਿਚ ਸਵੀਕਾਰ ਕੇ ਇਸ ਨੂੰ ਮੌਲਿਕ ਪਹੁੰਚ ਤੇ ਪ੍ਰਯੋਗ ਕਰ ਰਹੇ ਹਨ।

ਰਾਗ ਸੰਗੀਤ ਦੀ ਅਜਿਹੀ ਸ਼ਕਤੀ ਜੋ ਮਨੁੱਖੀ ਮਨ ਨੂੰ ਆਪਣੇ ਵਿਸ਼ੇਸ਼ ਰੰਗ ਵਿਚ ਰੰਗ ਦਿੰਦੀ ਹੈ। ਰਾਗ ਦਾ ਮੂਲ ਗੁਣ ਇਸ ਦੀ ਰੰਜਕਤਾ ਹੈ। ਇਸ ਨੂੰ 'ਜਨ ਚਿਤ-ਰੰਜਕ-ਧਨੀ' ਆਖਿਆ ਹੈ। ਇਸ ਰੰਜਕਤਾ ਦਾ ਅਰਥ ਹੈ, 'ਰੰਗ ਦੇਣਾ' ਰਾਗ ਆਵਾਜ਼ ਦਾ ਅਜਿਹਾ ਵਿਸ਼ੇਸ਼ ਕ੍ਰਮ ਤੇ ਵਿਸ਼ੇਸ਼ ਅਨੁਪਾਤ ਹੈ ਜੋ ਮਨੁੱਖੀ ਮਨ ਨੂੰ ਆਪਣੀਆਂ ਵਿਸ਼ੇਸ਼ ਸੁਰ ਸੰਗਤੀਆਂ ਦੁਆਰਾ ਆਪਣੇ ਰਸਾਤਮਕ ਵੇਗ ਵਿਚ ਰੰਗ ਲੈਂਦਾ ਹੈ। ਸਾਧਾਰਨ ਤੌਰ ਤੇ ਰਾਗ ਦੇ ਰੰਗ ਵਿਚ ਰੰਗਿਆਂ ਵਿਅਕਤੀ ਸਮੇਂ ਸਥਾਨ ਤੇ ਵਰਤਮਾਨ ਤੋਂ ਮੁਕਤ ਹੋ ਜਾਂਦਾ ਹੈ। ਇਹ ਰਾਗ ਦੀ ਸੰਮੋਹਨ ਸ਼ਕਤੀ ਹੈ ਜੋ ਆਪਣੇ ਸੁਰਾਤਮਕ ਬੰਧੇਜ ਦੁਆਰਾ ਮਨੁੱਖੀ ਮਨ ਨੂੰ ਇਕਾਗਰ ਕਰ ਭਟਕਣ ਤੋਂ ਬਚਾਉਂਦੀ ਹੈ। ਰਾਗ ਦਾ ਮੂਲ ਨਾਦ ਹੈ। ਭਾਰਤੀ

ਪਰੰਪਰਾ ਵਿਚ ਨਾਦ ਦੀ ਮਹਿਮਾ ਦਾ ਖੂਬ ਵਰਣਨ ਆਇਆ। ਨਾਦ ਨੂੰ ਬ੍ਰਹਮ ਰੂਪ ਆਖਿਆ ਗਿਆ ਹੈ। ਇਹ ਅਦੁੱਤੀ ਅਤੇ ਆਨੰਦ ਸਰੂਪ, ਜਿਸ ਦੀ ਉਪਾਸਨਾ ਨਾਲ ਪਰਮ ਲਾਭ ਭਾਵ ਪਰਮ ਸਤਿ/ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ।[1] ਇਸ ਤਰ੍ਹਾਂ ਰਾਗ ਦਾ ਮੂਲ ਗੁਣ ਤੇ ਸੁਭਾਅ ਹੀ ਪਰਮ ਸੁਖਦਾਇਕ ਹੈ, ਜੋ ਪਰਮ ਆਨੰਦ ਦੀ ਪ੍ਰਾਪਤੀ ਕਰਵਾਉਂਦਾ ਹੈ। ਰਾਗ ਦਾ ਸੁਰਾਤਮਕ ਪ੍ਰਵਾਹ ਕ੍ਰਮਵਾਰ ਹੌਲੀ-ਹੌਲੀ ਰੰਗ ਪਕੜਦਾ ਹੈ ਅਤੇ ਇਹ ਕ੍ਰਮ ਸਰੋਤਿਆਂ ਦੇ ਮਨ ਨੂੰ ਇਕ ਵਿਸ਼ੇਸ਼ ਭਾਵਨਾ ਵਿਚ ਰੰਗਦੀ ਹੈ ਅਤੇ ਇਹ ਰੰਗ ਹੌਲੀ-ਹੌਲੀ ਗੂੜ੍ਹਾ ਹੁੰਦਾ ਜਾਂਦਾ ਹੈ[2]। ਭਾਰਤੀ ਸੰਗੀਤ ਵਿਚ ਰਾਗ ਕੇਂਦਰਕਾਰੀ ਸ਼ਕਤੀ ਵਜੋਂ ਵਿਦਮਾਨ ਹੈ। ਇਸ ਸੰਗੀਤ ਪਰੰਪਰਾ ਨੂੰ ਸਰੂਪਿਤ ਕਰਨ ਵਿਚ ਰਾਗ ਅਤੇ ਇਸ ਦੇ ਵਭਿੰਨ ਵਿਸਤ੍ਰਿਤ ਸੌਂਦਰਯਾਤਮਿਕ ਸਰੂਪ ਦਾ ਬੁਨਿਆਦੀ ਮਹੱਤਵ ਹੈ। ਰਾਗ ਭਾਰਤੀ ਸੰਗੀਤ ਦੀ ਮੂਲ ਸ਼ਕਤੀ ਵਜੋਂ ਹੀ ਪ੍ਰਗਟ ਨਹੀਂ ਹੋ ਰਿਹਾ ਸਗੋਂ ਇਹ ਸੰਗੀਤ ਦੀਆਂ ਅਧਿਐਨ ਵਿਧੀਆਂ ਤੇ ਪਹੁੰਚ ਲਈ ਕਸਵੱਟੀ ਜਾਂ ਪੈਮਾਨੇ ਦੇ ਰੂਪ ਵਿਚ ਵੀ ਪ੍ਰਗਟ ਹੁੰਦਾ ਹੈ। ਰਾਗ ਦੀ ਇਸ ਅਪਾਰ ਸ਼ਕਤੀ ਨੂੰ ਗੁਰੂ ਸਾਹਿਬ ਨੇ ਵੀ ਪ੍ਰਵਾਨਿਤ ਕੀਤਾ ਹੈ। ਰਾਗਾਂ ਸੰਬੰਧੀ ਕਿਸੇ ਕਿਸਮ ਦੀ ਵਿਚਾਰ ਜਾਂ ਇਸਦੇ ਵਿਹਾਰਕ ਪ੍ਰਯੋਗ ਕਰਨ ਲੱਗਿਆਂ ਸਾਨੂੰ ਰਾਗ ਸੰਬੰਧੀ ਬਾਣੀ ਦੇ ਅੰਤਰੀਵੀ ਹਵਾਲਿਆਂ ਨੂੰ ਆਧਾਰ ਬਣਾਉਣਾ ਹੋਵੇਗਾ। ਬਾਣੀ ਵਿਚ ਰਾਗ ਨੂੰ ਨਿਮਨ ਲਿਖਤ ਫੁਰਮਾਨ ਨਾਲ ਨਿਵਾਜਿਆ ਹੈ :—

**—ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥**

**—ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥**

**— ਰਾਗ ਨਾਦ ਸਬਦਿ ਸੋਹਣੇ ......**

**—ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ**
**ਰਾਗ ਰਤਨ ਰਸਨਾ ਆਲਾਪ ॥**

ਉਪਰੋਕਤ ਫ਼ੁਰਮਾਨ ਬਾਣੀ ਵਿਚ ਰਾਗ ਦੇ ਪਰਮ ਗੁਣ ਤੇ ਉਸਤਤ ਦਰਸਾਉਂਦੇ ਹਨ, ਪਰੰਤੂ ਰਾਗ ਦੀ ਇਹ ਉਸਤਤ ਤੇ ਮਹੱਤਵ ਬਾਣੀ ਵਿਚ ਸੰਗੀਤ ਨਾਲ ਭਿਨ ਅਰਥੀ ਹੈ।

**"ਸਭਨਾ ਰਾਗਾ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥**
**ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥**
**ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨਾ ਬੂਝਿਆ ਜਾਇ ॥**
**ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ ਸਤਿਗੁਰ ਤੇ ਸੋਝੀ ਪਾਇ ॥**
**"ਰਾਗਿ ਨਾਦਿ ਮਨੁ ਦੂਜੈ ਭਾਇ ॥**

**ਅੰਤਰਿ ਕਪਟੁ ਮਹਾ ਦੁਖੁ ਪਾਇ ॥**

**"ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥"**

ਉਕਤ ਫੁਰਮਾਨਾਂ ਤੋਂ ਬਿਨਾਂ ਬਾਣੀ ਵਿਚ ਰਾਗਾਂ ਸੰਬੰਧੀ ਹੋਰ ਫੁਰਮਾਨ ਵੀ ਅੰਕਿਤ ਹਨ। ਸਭਨਾਂ ਫੁਰਮਾਨਾਂ ਵਿਚ ਰਾਗ ਦੀ ਨਾਦਾਤਮਕ ਸ਼ਕਤੀ ਨੂੰ ਸੱਚ ਸਵੀਕਾਰਦਿਆਂ ਇਨ੍ਹਾਂ ਰਾਗਾਂ ਨੂੰ ਉਤਮ, ਸੋਹਣੇ, ਸੁਲੱਖਣੇ, ਸੁਹਾਵਣੇ, ਆਨੰਦ ਸਰੂਪ ਆਖਿਆ। **ਉਹ ਸਤਿ ਸਰੂਪ ਪ੍ਰਮਾਤਮਾ ਮਨ ਵਿਚ ਵਸ ਜਾਵੇ, ਜੇ ਆਲਾਪਤ ਸਭ ਤਿਖ ਜਾਇ, ਜੇ ਸਚਿ ਧਰੇ ਪਿਆਰੁ, ਜੇ ਖਸਮੈ ਚਿਤ ਕਰੇਇ, ਜਾ ਲਾਗੇ ਸਹਜਿ ਧਿਆਨੁ, ਜੇ 'ਸਬਦਿ ਕਰੇ ਪਿਆਰੁ' ਜਾਂ ਸਤਿਗੁਰ ਕੀ ਕਾਰ ਕਮਾਇ' ॥** ਇਸ ਤਰ੍ਹਾਂ ਬਾਣੀ ਵਿਚ ਰਾਗ ਦੇ ਪ੍ਰਯੋਗ ਨੂੰ ਇਕ ਵਿਸ਼ਿਸ਼ਟ ਉਦੇਸ਼ ਦਾ ਧਾਰਣੀ ਬਣਾ ਕੇ ਉਸ ਦਾ ਵਿਸ਼ੇਸ਼ ਗੁਣ ਨਿਰਧਾਰਤ ਕੀਤਾ ਗਿਆ ਹੈ। ਇਹ ਵਿਸ਼ੇਸ਼ ਗੁਣ ਰਾਗ ਦੇ ਸੁਰਾਤਮਕ ਜਾਂ ਸੰਗੀਤਕ ਸਰੂਪ ਦਾ ਵਾਦ-ਵਿਵਾਦ, ਬਖੇੜਿਆਂ ਜਾਂ ਪਹਿਚਾਣਾਂ ਤੋਂ ਮੁਕਤ ਅਤੇ ਬੁਨਿਆਦੀ ਤੌਰ ਤੇ ਮਹੱਤਵਪੂਰਣ ਹੈ।

ਭਾਰਤੀ ਸੰਗੀਤ ਵਿਚ ਰਾਗ ਦੇ ਭਾਵਾਤਮਕ ਤੇ ਤਕਨੀਕ ਦੋਵੇਂ ਰੂਪ ਸਵੀਕਾਰੇ ਜਾਂਦੇ ਹਨ। ਆਪਣੇ ਇਨ੍ਹਾਂ ਗੁਣਾਂ ਕਰਕੇ ਹੀ ਇਹ ਭਾਰਤੀ ਸੰਗੀਤ ਦੀ ਕੇਂਦਰਕਾਰੀ ਸ਼ਕਤੀ ਵਜੋਂ ਉਜਾਗਰ ਹੁੰਦਾ ਹੈ। ਇਸ ਦੇ ਨਾਲ ਹੀ ਇਹ ਵੀ ਸਰਬ ਪ੍ਰਵਾਨਿਤ ਹੈ ਕਿ ਰਾਗ ਐਬਸਟਰੈਕਟ (Abstract) ਹੈ। ਇਸ ਨੂੰ ਸਜੀਵ ਰੂਪ ਵਿਚ ਮੂਰਤੀਮਾਨ ਕਰਨ ਲਈ ਇਸ ਨੂੰ ਕਾਵਿ ਅਤੇ ਧਿਆਨ (ਰਾਗ ਚਿੱਤਰ) ਨਾਲ ਵੀ ਜੋੜਿਆ ਜਾਂਦਾ ਹੈ। ਰਾਗ ਦਾ ਸਰੂਪ ਭਾਵੇਂ ਨਾਦਾਤਮਕ ਤੇ ਸੰਗੀਤਕ ਤੱਤਾਂ ਤੇ ਉਪਕਰਣਾਂ ਨਾਲ ਪ੍ਰਤੱਖ ਹੋਣਾ ਹੈ ਪਰ ਇਸ ਦੇ ਨਾਲ ਇਸ ਐਬਸਟ੍ਰੈਕਟ ਰੂਪ ਦਾ ਸੁਰਾਤਮਕ ਸਿਰਜਣ ਤੇ ਸਹੀ ਪ੍ਰਗਟਾ ਰਾਗ ਪ੍ਰਤਿ ਤਿਆਰ ਕੀਤੇ ਗਏ ਇਨ੍ਹਾਂ ਨਕਸ਼ਾਂ ਦੀ ਟੋਹ (ਕਾਵਿ ਤੇ 'ਧਿਆਨ') ਦੁਆਰਾ ਹੀ ਸੰਭਵ ਹੋ ਸਕਦਾ ਹੈ। ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਯੋਗ ਦੀ ਮੂਲ ਭਿੰਨਤਾ ਇਥੋਂ ਹੀ ਪ੍ਰਗਟ ਹੋ ਜਾਂਦੀ ਹੈ ਕਿਉਂਕਿ ਬਾਣੀ ਰਾਗ ਨੂੰ ਉਸ ਪ੍ਰਮਾਤਮਾ ਦੇ ਨਾਮ/ਸ਼ਬਦ ਆਧਾਰਿਤ ਕਰਦੀ ਹੈ। ਬਾਣੀ ਵਿਚ ਰਾਗ ਦੀ ਭਾਵਤਮਕ ਟੋਹ ਭਾਰਤੀ ਸੰਗੀਤ ਵਾਂਗ ਕਾਵਿ ਤੇ ਧਿਆਨ (ਚਿੱਤਰ) ਦੁਆਰਾ ਉਜਾਗਰ ਨਹੀਂ ਹੋਣੀ ਸਗੋਂ ਸ਼ਬਦ/ਬਾਣੀ ਇਸ ਨੂੰ ਭਾਵਾਤਮਕ ਸੇਧ ਪ੍ਰਦਾਨ ਕਰਦੀ ਹੈ। ਇਸ ਕਰਕੇ ਮਤ ਕੋਈ ਇਸ ਭਰਮ ਵਿਚ ਭੁਲੇ ਕਿ ਗੁਰਮਤਿ ਸੰਗੀਤ ਦੇ ਅੰਤਰਗਤ ਰਾਗ ਕਿਸੇ ਪੂਰਵ ਸਿਰਜਤ ਭਾਵਾਤਮਕ ਸਰੂਪ ਦਾ ਧਾਰਣੀ ਹੈ (ਭਾਰਤੀ ਸੰਗੀਤ ਵਿਚ ਪ੍ਰਚਲਿਤ) ਆਦਿ। ਗੁਰਮਤਿ ਸੰਗੀਤ ਵਿਚ ਪ੍ਰਚਲਿਤ ਰਾਗਾਂ ਦੇ ਸਹੀ ਸਰੂਪ ਦੀ ਪਹਿਚਾਣ ਤੇ ਸਰੂਪ ਨਿਰਧਾਰਣ ਦਾ ਮੂਲ ਆਧਾਰ ਵੀ ਇਹੋ ਹੀ ਹੈ। ਗੁਰਮਤਿ ਸੰਗੀਤ ਰਾਗ ਦਾ ਪ੍ਰਯੋਗ, ਇਸ ਪ੍ਰਯੋਗ ਦੀ ਮਾਤਰਾ ਤੇ ਰਾਗ ਦੇ ਕਲਾਤਮਕ ਗੁਣਾਂ ਦਾ ਪ੍ਰਗਟਾਵਾ ਵੀ ਇਸੇ ਸੀਮਾ ਦਾ ਅਨੁਸਾਰੀ ਹੈ। ਗੁਰਮਤਿ ਸੰਗੀਤ ਵਿਚ ਸ਼ਬਦ ਦਾ ਪ੍ਰਥਮ ਸਥਾਨ ਹੈ ਤੇ ਰਾਗ ਦਾ

ਦੂਜੈਲਾ। ਇਸ ਦ੍ਰਿਸ਼ਟੀ ਤੋਂ ਬਾਣੀ ਦੇ ਗਾਇਨ ਲਈ ਰਾਗ ਦਾ ਤਿਆਗ ਵੀ ਗੁਰੂ ਦੁਆਰਾ ਦਰਸਾਏ ਗਏ ਗੁਰਮਤਿ ਸੰਗੀਤ ਪ੍ਰਤਿ ਉਨਾਂ ਹੀ ਅਵੱਗਿਆ ਪੂਰਣ ਤੇ ਘਾਤਕ ਹੈ ਜਿੰਨਾ ਕਿ ਇਸ ਦਾ ਅਧਿਕ ਪ੍ਰਯੋਗ। ਰਾਗ ਦੇ ਇਸ ਅਧਿਕ ਪ੍ਰਯੋਗ ਤੋਂ ਭਾਵ ਹੈ ਰਾਗਾਤਮਕ ਭਾਵ ਅਡੰਬਰ, ਆਕਰਸ਼ਣ ਸੰਗੀਤਕ ਪ੍ਰਲੋਭਨ ਤੇ ਕਲਾਤਮਕ-ਹਉਮੈ ਸਹਿਤ ਪ੍ਰਸਤੁਤ ਹੋਣ ਵਾਲਾ ਰਸ ਪ੍ਰਯੋਗ ਗਾਇਨ। ਗੁਰੂ ਵਾਕ ਹੈ :—

**ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥**
**ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥**

ਇਸ ਲਈ ਅਤਿ ਬੁਨਿਆਦੀ ਤੌਰ ਤੇ ਮਹੱਤਵਪੂਰਨ ਆਵੱਸ਼ਕਤਾ ਹੈ ਰਾਗ ਦੇ ਪ੍ਰਯੋਗ ਵਿਚ ਇਕ ਸੰਤੁਲਨ ਦੀ, ਸਹਿਜ ਦੀ। ਉਹ ਸਹਿਜ ਜੋ ਗੁਰੂ ਸਾਹਿਬ ਨੇ ਸ਼ਬਦ ਕੀਰਤਨ ਪ੍ਰਸਤੁਤੀ ਬਾਣੀ ਦੇ ਗਾਇਨ ਪ੍ਰਬੰਧ ਲਈ ਸਿਰਜਿਆ ਜਿਸ ਦਾ ਇਕ ਤੱਤ, ਲੱਛਣ ਤੇ ਆਦਰਸ਼ ਬਾਣੀ ਵਿਚ ਦਰਸਾਇਆ ਗਿਆ ਹੈ।

ਗੁਰੂ ਸਾਹਿਬ ਜਿਥੇ ਰਾਗ ਦੀ ਸ਼ਕਤੀ ਨੂੰ ਸਵੀਕਾਰਦਿਆਂ ਇਸ ਦੀ ਉਸਤਤ ਸਵੀਕਾਰਦੇ ਹਨ, ਉਥੇ ਇਸ ਸ਼ਕਤੀ ਦੇ ਸਹੀ ਪ੍ਰਯੋਗ ਦੀ ਗੱਲ ਵੀ ਸਪਸ਼ਟ ਰੂਪ ਵਿਚ ਤੋਰਦੇ ਹਨ। ਇਸੇ ਕਰਕੇ ਰਾਗ ਸੰਬੰਧੀ ਉਚਾਰਿਆ ਗਿਆ ਇਕ ਵੀ ਫੁਰਮਾਨ ਕੇਵਲ ਰਾਗ ਦੀ ਉਸਤਤ ਨਹੀਂ ਕਰਦਾ ਸਗੋਂ ਰਾਗ ਦੇ ਸਦਉਪਯੋਗ ਵੱਲ ਰੁਚਿਤ ਹੁੰਦਾ ਹੈ।

---

## ਪਦ ਟਿਪਣੀਆਂ


1. ਵਿਮਲਾ ਕਾਂਤ ਰਾਇ ਚੌਧਰੀ, ਸੰਗੀਤ ਕੋਸ਼, ਪੰਨਾ 66
2. ਆਰੀਆ ਬ੍ਰਹਸਪਤੀ, ਸੰਗੀਤ ਚਿੰਤਾਮਣੀ, ਪੰਨਾ 80

# ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ

—ਡਾ: ਹਰਜਸ ਕੌਰ

ਗੁਰਮਤਿ ਸੰਗੀਤ ਪਰੰਪਰਾ ਦਾ ਪ੍ਰਮਾਣਿਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਦੇ ਸੰਚਾਰ ਲਈ ਗੁਰੂ ਸਾਹਿਬਾਨ ਨੇ ਸੰਗੀਤ ਦੀ ਜੁਗਤ ਦਾ ਇਸਤੇਮਾਲ ਇਕ ਵਿਸ਼ੇਸ਼ ਸੰਗੀਤ ਪ੍ਰਬੰਧ ਦੇ ਰੂਪ ਵਿਚ ਕੀਤਾ ਹੈ। ਇਸੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਕੇਵਲ 'ਸੰਗੀਤਾਤਮਕ/ਰਾਗਾਤਮਕ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੀ ਪ੍ਰਸਤੁਤੀ ਲਈ ਜਾਂ ਸੰਚਾਰ ਲਈ ਜਿਸ ਵਿਧਾਨ ਦੀ ਸਿਰਜਣਾ ਕੀਤੀ ਗਈ ਉਸ ਸਮੁੱਚੇ ਪ੍ਰਬੰਧ ਨੂੰ 'ਗੁਰਮਤਿ ਸੰਗੀਤ ਪ੍ਰਬੰਧ' ਕਿਹਾ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਗਾਇਨ ਸ਼ੈਲੀਆਂ, ਰਹਾਉ, ਅੰਕ ਆਦਿ ਹਨ ਜੋ ਸੰਯੁਕਤ ਤੇ ਸੰਮਿਲਤ ਰੂਪ ਵਿਚ ਕਾਰਜਸ਼ੀਲ ਰਹਿੰਦੇ ਹਨ, ਜਿਹਨਾਂ ਵਿਚੋਂ ਮਹੱਤਵਪੂਰਣ ਅਤੇ ਪ੍ਰਮੁੱਖ ਤੱਤ ਰਾਗ ਹੈ, ਜਿਸ ਦਾ ਵਿਸ਼ੇਸ਼ ਰਾਗ ਪ੍ਰਬੰਧ ਸਿਰਜਿਆ ਗਿਆ ਹੈ। ਸਰਬ ਪ੍ਰਥਮ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਬਾਣੀ ਦੀ ਗਾਇਨ ਪ੍ਰਸਤੁਤੀ ਲਈ ਕਿਨ੍ਹਾਂ-ਕਿਨ੍ਹਾਂ ਰਾਗਾਂ ਦਾ ਪ੍ਰਯੋਗ ਕੀਤਾ ਹੈ :

| ਰਾਗ ਦਾ ਨਾਮ | ਰਾਗ ਪ੍ਰਕਾਰ | ਪੰਨਾ ਸ੍ਰੀ ਗੁਰੂ ਗਰੰਥ ਸਾਹਿਬ ਜੀ |
|---|---|---|
| 1. ਸਿਰੀ | — | 14 |
| 2. ਮਾਝ | — | 94 |
| 3. ਗਉੜੀ | — | 151 |
| | (ੳ) ਗਉੜੀ ਗੁਆਰੇਰੀ | 151 |
| | (ਅ) ਗਉੜੀ ਦਖਣੀ | 152 |
| | (ੲ) ਗਉੜੀ ਚੇਤੀ | 154 |
| | (ਸ) ਗਉੜੀ ਬੈਰਾਗਣਿ | 156 |
| | (ਹ) ਗਉੜੀ ਪੂਰਬੀ ਦੀਪਕੀ | 157 |
| | (ਕ) ਗਉੜੀ ਪੂਰਬੀ | 242 |
| | (ਖ) ਗਉੜੀ ਦੀਪਕੀ | 12 |
| | (ਗ) ਗਉੜੀ ਮਾਝ | 172 |
| | (ਘ) ਗਉੜੀ ਮਾਲਵਾ | 214 |

| | | | |
|---|---|---|---|
| | | (ਙ) ਗਉੜੀ ਮਾਲਾ | 214 |
| 4. | ਆਸਾ | — | 347 |
| | | (ੳ) ਆਸਾ ਕਾਫੀ | 365 |
| | | (ਅ) ਆਸਾਵਰੀ | 409 |
| 5. | ਗੂਜਰੀ | — | 489 |
| 6. | ਦੇਵਗੰਧਾਰੀ | — | 527 |
| | | (ੳ) ਦੇਵਗੰਧਾਰ | 531 |
| 7. | ਬਿਹਾਗੜਾ | — | 537 |
| 8, | ਵਡਹੰਸ | — | 557 |
| | | (ੳ) ਵਡਹੰਸ ਦਖਣੀ | 580 |
| 9. | ਸੋਰਠਿ | — | 595 |
| 10. | ਧਨਾਸਰੀ | — | 13/660 |
| 11. | ਜੈਤਸਰੀ | — | 696 |
| 12. | ਟੋਡੀ | — | 711 |
| 13. | ਬੈਰਾੜੀ | — | 719 |
| 14. | ਤਿਲੰਗ | — | 721 |
| | | (ੳ) ਤਿਲੰਗ ਕਾਫੀ | 726 |
| 15. | ਸੂਹੀ | — | 728 |
| | | (ੳ) ਸੂਹੀ ਕਾਫੀ | 751 |
| 16. | ਬਿਲਾਵਲ | — | 794 |
| | | (ੳ) ਬਿਲਾਵਲ ਦਖਣੀ | 843 |
| 17. | ਗੌਂਡ | — | 859 |
| | | (ੳ) ਬਿਲਾਵਲ ਗੌਂਡ | 874 |
| 18. | ਰਾਮਕਲੀ | — | 876 |
| | | (ੳ) ਰਾਮਕਲੀ ਦਖਣੀ | 907 |
| 19. | ਨਟ ਨਾਰਾਇਣ | — | 975 |
| | | (ੳ) ਨਟ | 975 |
| 20. | ਮਾਲੀ ਗੌੜਾ | — | 984 |
| 21. | ਮਾਰੂ | — | 989 |
| | | (ੳ) ਮਾਰੂ ਕਾਫੀ | 1014 |
| | | (ਅ) ਮਾਰੂ ਦਖਣੀ | 1033 |
| 22. | ਤੁਖਾਰੀ | — | 1107 |

| | | | |
|---|---|---|---|
| 23. | ਕੇਦਾਰਾ | — | 1118 |
| 24. | ਭੈਰਉ | — | 1125 |
| 25. | ਬਸੰਤ | — | 1168 |
| | | (ੳ) ਬਸੰਤ ਹਿੰਡੋਲ | 1171 |
| 26. | ਸਾਰੰਗ | — | 1197 |
| 27. | ਮਲ੍ਹਾਰ | — | 1254 |
| 28. | ਕਾਨੜ੍ਹਾ | — | 1294 |
| 29. | ਕਲਿਆਣ | — | 1319 |
| | | (ੳ) ਕਲਿਆਣ ਭੋਪਾਲੀ | 1321 |
| 30. | ਪ੍ਰਭਾਤੀ | — | 1327 |
| | | (ੳ) ਪ੍ਰਭਾਤੀ ਬਿਭਾਸ | 1327 |
| | | (ਅ) ਪ੍ਰਭਾਤੀ ਦਖਣੀ | 1343 |
| | | (ੲ) ਬਿਭਾਸ ਪ੍ਰਭਾਤੀ | 1347 |
| 31. | ਜੈਜਾਵੰਤੀ | — | 1352 |


ਰਾਗ ਭਾਰਤੀ ਸੰਗੀਤ ਦੀ ਕੇਂਦਰੀ ਤੇ ਪ੍ਰਮੁੱਖ ਇਕਾਈ ਹੈ। ਗਾਇਨ ਜੋ ਕਿ ਭਾਰਤੀ ਸੰਗੀਤ ਦੀ ਆਧਾਰਸ਼ਿਲਾ ਹੈ ਦੀ, ਸ਼ਾਸਤਰਿਕ ਪਹਿਚਾਣ ਰਾਗ ਉਤੇ ਹੀ ਆਧਾਰਿਤ ਹੈ। ਭਾਰਤੀ ਸੰਗੀਤ ਦੇ ਸ਼ਾਸਤਰੀ ਵਿਦਵਾਨਾਂ ਨੇ ਸੁਰ ਅਤੇ ਵਰਣ ਨਾਲ ਸਜੀ ਵਿਸ਼ਿਸ਼ਟ ਧੁਨੀ ਜੋ ਰੰਜਕਤਾ ਪ੍ਰਦਾਨ ਕਰਦੀ ਹੈ, ਉਸ ਨੂੰ ਰਾਗ ਕਿਹਾ ਹੈ :

—ਸਵਰਵਰਣ ਵਿਸ਼ੇਸ਼ਣ ਧੁਨੀਭੇਦੇਨ ਵਾ ਪੁਨ :
ਰੰਜਯਤੇ ਯੇਨਯ : ਕਸ਼ਿਚਤ ਸ ਰਾਗ : ਸੰਮਤ : ਸਤਮ ॥[1]

—ਯੋ ਸੋ ਧਵਨਿਵਿਸ਼ੇਸ਼ਸਤੂ ਸਵਰ – ਵਰਣ – ਵਿਭੂਸ਼ਿਤ :
ਰੰਜਕੋ ਜਨਚਿਤਾਨਾਂ ਸ ਰਾਗ : ਕਥਿਤੋ : ਬੁਧੇ ॥[2]

ਜਿਵੇਂ ਕਿ ਅਸੀਂ ਪਹਿਲਾਂ ਵਿਚਾਰ ਆਏ ਹਾਂ ਕਿ ਸ਼ਬਦ ਦੀ ਪ੍ਰਸਤੁਤੀ ਦਾ ਪ੍ਰਮੁੱਖ ਤੱਤ ਰਾਗ ਹੈ। ਇਸ ਵਿਚ ਰਾਗ ਦਾ ਪ੍ਰਯੋਗ ਕੇਵਲ ਅਧਿਆਤਮਕ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਇਸ ਵਿਚ ਰਾਗ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਅਨੁਸ਼ਾਸਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖ ਕੇ ਪ੍ਰਯੋਗ ਵਿਚ ਲਿਆਇਆ ਗਿਆ ਹੈ। ਗੁਰ ਫੁਰਮਾਨ ਹੈ :

—ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ ॥

ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ
ਸਤਿਗੁਰ ਤੇ ਸੋਝੀ ਪਾਇ ॥[3]

— ਰਾਗ ਨਾਦ ਸਬਦਿ ਸੋਹਣੇ
ਜਾ ਲਾਗੈ ਸਹਜਿ ਧਿਆਨੁ ॥[4]

— ਧੰਨੁ ਸੁ ਰਾਗ ਸੁਰੰਗੜੇ
ਆਲਾਪਤ ਸਭ ਤਿਖ ਜਾਇ ॥[5]

— ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥[6]

— ਰਾਗਿ ਨਾਦਿ ਮਨੁ ਦੂਜੈ ਭਾਇ
ਅੰਤਰਿ ਕਪਟੁ ਮਹਾ ਦੁਖੁ ਪਾਇ ॥[7]

ਇਹਨਾਂ ਫੁਰਮਾਨਾਂ ਤੋਂ ਰਾਗ ਦਾ ਮਹੱਤਵ ਅਤੇ ਸਹੀ ਪ੍ਰਯੋਗ ਵਿਧੀ ਸਪਸ਼ਟ ਪ੍ਰਾਪਤ ਹੁੰਦੀ ਹੈ। ਇਸ ਵਿਚ ਉਸੇ ਰਾਗ ਨੂੰ ਚੰਗਾ ਅਤੇ ਉੱਤਮ ਦੱਸਿਆ ਗਿਆ ਹੈ ਜਿਸ ਦੇ ਗਾਇਨ ਕਰਨ ਨਾਲ ਸਭ ਤ੍ਰਿਸ਼ਨਾਵਾਂ ਮਿਟ ਜਾਣ ਅਤੇ ਉਸ ਪ੍ਰਭੂ ਪ੍ਰਮਾਤਮਾ ਦੀ ਯਾਦ ਮਨ ਵਿਚ ਵਸ ਜਾਵੇ।

ਗੁਰਮਤਿ ਸੰਗੀਤ ਵਿਚ ਰਾਗ ਦੇ ਪ੍ਰਯੋਗ ਤੋਂ ਰਾਗ ਦਾ ਵਿਸ਼ੇਸ਼ ਗੁਣ ਨਿਰਧਾਰਤ ਕੀਤਾ ਗਿਆ ਹੈ ਜੋ ਬੁਨਿਆਦੀ ਤੌਰ 'ਤੇ ਮਹੱਤਵਪੂਰਣ ਹੈ। ਇਸ ਵਿਚ ਰਾਗ ਦੇ ਸੁਰਾਤਮਕ ਸੰਗੀਤਕ ਸਰੂਪ ਜਾਂ ਕਲਾਮਈ ਢੰਗ ਦਾ ਪ੍ਰਦਰਸ਼ਨ ਕਰਨਾ ਨਹੀਂ ਹੁੰਦਾ। ਰਾਗ ਤਾਂ ਕੇਵਲ ਮਾਧਿਅਮ ਹੈ। ਸ਼ਬਦ ਦੇ ਭਾਵ ਨੂੰ ਸੰਚਾਰਿਤ ਕਰਨ ਦੀ ਸ਼ਕਤੀ ਹੈ। ਗੁਰਮਤਿ ਸੰਗੀਤ ਵਿਚ ਬਾਣੀ/ਸ਼ਬਦ ਪ੍ਰਧਾਨ ਹੈ ਤੇ ਰਾਗ ਦਾ ਦੂਜੈਲਾ ਸਥਾਨ ਹੈ। ਸ੍ਰੀ ਗੁਰੂ ਗਰੰਥ ਸਾਹਿਬ ਵਿਚ ਰਾਗ ਦਾ ਸਿਰਲੇਖ ਵਜੋਂ ਅੰਕਿਤ ਹੋਣਾ ਸ਼ਬਦ ਨੂੰ ਰਾਗ ਅਧੀਨ ਗਾਇਨ ਕਰਨ ਦਾ ਨਿਰਦੇਸ਼ ਹੈ। ਇਸ ਦ੍ਰਿਸ਼ਟੀ ਤੋਂ ਸ਼ਬਦ ਦੇ ਗਾਇਨ ਲਈ ਜਿਥੇ ਰਾਗ ਦਾ ਤਿਆਗ ਕਰਨਾ ਗੁਰੂ ਦੁਆਰਾ ਦਰਸਾਏ ਗਏ ਹੁਕਮ ਦੀ ਅਵੱਗਿਆ ਕਰਨਾ ਹੈ ਉਥੇ ਰਾਗ ਦਾ ਅਧਿਕ ਪ੍ਰਯੋਗ ਕਰਨਾ ਵੀ ਗੁਰਮਤਿ ਸੰਗੀਤ ਦੀ ਮਰਿਆਦਾ ਦੀ ਉਲੰਘਣਾ ਕਰਨਾ ਹੈ। ਰਾਗ ਦੇ ਅਧਿਕ ਪ੍ਰਯੋਗ ਤੋਂ ਭਾਵ ਰਾਗ ਦੇ ਕਲਾਤਮਕ ਗੁਣਾਂ, ਸੰਗੀਤਕ ਤੱਤਾਂ ਨੂੰ ਆਡੰਬਰ, ਆਕਰਸ਼ਣ, ਹਉਮੈ ਸਹਿਤ ਬਿਆਨ ਕਰਨਾ ਹੈ। ਗੁਰ ਵਾਕ ਹੈ :

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥[8]

ਇਸ ਲਈ ਬਾਣੀ ਤੇ ਰਾਗ ਵਿਚ ਸੁਮੇਲ, ਸੰਤੁਲਨ ਅਤੇ ਸਹਿਜ ਦਾ ਹੋਣਾ ਜ਼ਰੂਰੀ

ਹੈ। ਉਹ ਸਹਿਜ ਜੋ ਗੁਰੂ ਸਾਹਿਬਾਨ ਨੇ ਸ਼ਬਦ ਦੀ ਪ੍ਰਸਤੁਤੀ ਹਿੱਤ ਸੰਗੀਤ ਪ੍ਰਬੰਧ ਲਈ ਸਿਰਜਿਆ ਹੈ। ਇਸ ਸਹਿਜ ਦੇ ਤੱਤ ਨੂੰ ਬਾਣੀ ਵਿਚ ਦਰਸਾਇਆ ਗਿਆ ਹੈ :

ਸਹਜੇ ਗਾਵਿਆ ਥਾਇ ਪਵੈ ॥
ਬਿਨੁ ਸਹਜੇ ਕਥਨੀ ਬਾਦਿ ॥[9]

ਸ੍ਰੀ ਗੁਰੂ ਗਰੰਥ ਸਾਹਿਬ ਤੇ ਆਧਾਰਿਤ ਗੁਰਮਤਿ ਸੰਗੀਤ ਦਾ ਰਾਗ ਪ੍ਰਬੰਧ ਗੁਰਮਤਿ ਸੰਗੀਤ ਨੂੰ ਭਾਰਤੀ ਅਤੇ ਵਿਸ਼ਵ ਸੰਗੀਤ ਪਰੰਪਰਾ ਵਿਚ ਮੌਲਿਕ ਤੇ ਵਿਲੱਖਣ ਰੂਪ ਪ੍ਰਦਾਨ ਕਰਾਉਣ ਵਿਚ ਸਹਾਈ ਹੁੰਦਾ ਹੈ। ਇਹ ਰਾਗ ਪ੍ਰਬੰਧ ਗੁਰਮਤਿ ਸੰਗੀਤ ਪਰੰਪਰਾ ਦੀ ਸੁਤੰਤਰ ਹੋਂਦ ਵਿਚ ਪਹਿਚਾਣ ਦਾ ਧਾਰਨੀ ਹੈ।

---

## ਪਦ ਟਿਪਣੀਆਂ

1. ਮਤੰਗਮੁਨੀ, **ਬ੍ਰਹਦਦੇਸ਼ੀ**, (ਸੰਪਾ. ਬਾਲਕ੍ਰਿਸ਼ਣ ਗਰਗ), ਸਲੋਕ 279.
2. **ਸੰਗੀਤ ਰਤਨਾਕਰ** (ਭਾਗ 2), ਸਲੋਕ 2.
3. ਸਲੋਕ ਮਹਲਾ ੪, **ਆਦਿ ਗਰੰਥ**, ਪੰਨਾ 1423.
4. ਮਹਲਾ ੩, **ਆਦਿ ਗਰੰਥ**, ਪੰਨਾ 849.
5. ਵਾਰ ਰਾਮਕਲੀ ਮਹਲਾ ੫, ਉਹੀ, ਪੰਨਾ 958.
6. ਰਾਮਕਲੀ ਮਹਲਾ ੫, ਉਹੀ, ਪੰਨਾ 885.
7. ਪ੍ਰਭਾਤੀ ਮਹਲਾ ੧, ਉਹੀ, ਪੰਨਾ 1342.
8. ਗਉੜੀ ਗੁਆਰੇਰੀ ਮਹਲਾ ੩, ਉਹੀ, ਪੰਨਾ 158.
9. ਸਿਰੀ ਰਾਗ ਮਹਲਾ ੩, ਉਹੀ, ਪੰਨਾ 68.

# ਗੁਰਮਤਿ ਸੰਗੀਤ ਵਿਚ ਤਬਲਾ ਵਾਦਨ (ਜੋੜੀ)

—ਪ੍ਰੋ: ਰਣਜੀਤ ਸਿੰਘ
[ਸਰਕਾਰੀ ਕਾਲਜ, (ਲੜਕੀਆਂ) ਲੁਧਿਆਣਾ]

ਗੁਰੂ ਸਾਹਿਬਾਂ ਨੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਜੋ ਸੰਗੀਤ-ਮਈ ਵਿਰਤੀ ਦਾ ਪ੍ਰਭਾਵ ਅਤੇ ਵਹਾਓ ਅੰਕਿਤ ਕੀਤਾ ਹੈ ਉਸ ਦੀ ਮਿਸਾਲ ਕਿਧਰੇ ਹੋਰ ਪ੍ਰਾਪਤ ਨਹੀਂ ਹੁੰਦੀ। ਇਹ ਗੱਲ ਪੂਰਨ ਨਿਸ਼ਚੇ ਅਤੇ ਭਰਪੂਰ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਉਹ ਪ੍ਰਭਾਵ ਵਿਰਤੀ ਹੋਰਨਾਂ ਗਰੰਥਾਂ ਵਿਚੋਂ ਉਪਲਬਧ ਨਹੀਂ। ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਜਿੰਨੇ ਵੀ ਰਾਗ ਅਤੇ ਰਾਗਾਤਮਕ ਛੰਦ ਅਤੇ ਉਨ੍ਹਾਂ ਦੀਆਂ ਲੈਆਂ, ਡੋਲ, ਝੂਲਕੇ, ਅਸ਼ਟਪਦੀਆਂ, ਪੜਤਾਲਾਂ ਆਈਆਂ ਹਨ ਉਨ੍ਹਾਂ ਦੇ ਸੰਪੂਰਣ ਲਕਸ਼ਣ-ਲੁਗਾਤਾ ਕਿਸੇ ਭਾਸ਼ਾ ਕੋਸ਼ ਵਿਚ ਵੀ ਪ੍ਰਾਪਤ ਨਹੀਂ ਹਨ। ਔਰੰਗਜ਼ੇਬ ਦੀ ਆਲਮਗੀਰੀ ਸਰਕਾਰ ਬਿਨਾਂ, ਜਿਵੇਂ ਬਾਕੀ ਧਰਮ ਕੱਖ-ਕਾਣ ਦੀ ਤਰ੍ਹਾਂ ਰੁੜ੍ਹ ਗਏ ਸਨ ਉਸੇ ਤਰ੍ਹਾਂ ਭਾਰਤ ਦੀ ਸਨਾਤਨੀ ਸੰਗੀਤ ਵਿਦਿਆ ਵੀ ਰੁੜ੍ਹ ਜਾਣੀ ਸੀ ਜੇ ਕਿਤੇ ਪਰਉਪਕਾਰੀ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਰਚਨਾ ਦਾ ਸਾਡੇ ਤੇ ਪਰਉਪਕਾਰ ਨਾ ਕਰਦੇ ਤਾਂ ਅੱਜ ਭਾਰਤ ਵਿਚ ਸੰਗੀਤ ਵਿਦਿਆ ਅਲੋਪ ਹੋ ਜਾਣੀ ਸੀ। ਇਹ ਗੁਰੂ ਗਰੰਥ ਸਾਹਿਬ ਦਾ ਉਹ ਵਿਦਿਅਕ ਕੇਂਦਰ ਹੈ ਜਿਸ ਨੂੰ ਅਸੀਂ ਕਿਸੇ ਵੀ ਵਿਦਿਆ ਤੋਂ ਖਾਲੀ ਨਹੀਂ ਸਮਝਦੇ। ਇਸ ਵਿਚ ਸੰਗੀਤ ਕਾਵਯ, ਪਿੰਗਲ, ਵੈਦਿਅਕ, ਪੰਸਕ੍ਰਿਤ, ਅਰਬੀ, ਉਰਦੂ, ਫਾਰਸੀ, ਹਿੰਦੀ, ਪੰਜਾਬੀ, ਪਸ਼ਤੋ ਕੁਰਾਨ, ਉਪਨਿਸ਼ਦਾਂ, ਗੀਤਾ, ਰਾਮਾਇਣ, ਮਹਾਂਭਾਰਤ, ਸ੍ਰੀ ਗੁਰੂ ਗਰੰਥ ਸਾਹਿਬ ਆਦਿ ਗਰੰਥਾਂ ਦਾ ਸਰਲ ਸਾਰ ਹੈ। ਸਭ ਗਰੰਥਾਂ ਨਾਲੋਂ ਵੱਖ ਬੋਲੀਆਂ ਦਾ ਅਤੇ ਛੰਦਾਂ ਦਾ ਮਜਮੂਆ ਰਾਗ ਤਾਲਾਂ ਦੇ ਅਨੁਸਾਰ ਬਾਣੀ ਵਿਚ ਉਚਾਰਨ ਕੀਤਾ ਹੋਇਆ ਸਾਨੂੰ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚੋਂ ਮਿਲਦਾ ਹੈ। ਇਸ ਧੁਰ ਕੀ ਬਾਣੀ ਵਿੱਚ ਮੁਢ-ਕਦੀਮਾਂ ਤੋਂ ਚਲੀ ਆ ਰਹੀ ਲੈਅ ਰੂਪੀ ਮਾਂ ਮਾਤਰਾਂ ਨੂੰ ਜਨਮ ਦਿਦੀ ਹੋਈ ਬਾਣੀ ਦੀ ਇੱਕ-ਦੋ ਪੰਗਤੀ ਨੂੰ ਆਪਣੀ ਕੜੀ ਵਿਚ ਪਰੋਂਦੀ ਹੋਈ ਸਾਰੇ ਬ੍ਰਹਿਮੰਡ ਦੇ ਕਈ ਬਾਰ ਪਸਰਿਓ ਪਸਾਰੇ ਨੂੰ ਇਕ ਕੜੀ ਵਿਚ ਰਖਦੀ ਹੋਈ ਬਾਣੀ ਨੂੰ ਛੰਦਾਂ ਵਿੱਚ ਆਉਣ ਲਈ ਜਨਮ ਦਿੰਦੀ ਹੈ। ਉਨ੍ਹਾਂ ਛੰਦਾਂ ਨੂੰ ਚੌਦਾਂ ਵਿਦਿਆ ਸੰਗੀਤ, ਬ੍ਰਹਮ, ਮਹੇਸ਼ ਮਿਲਾ ਕੇ ਸ਼ਬਦ ਰਚਨਾ ਨੂੰ ਕਵਿਤਾ ਦਾ ਰੂਪ ਦੇਣ ਵਿਚ ਲੈਅ ਮਾਤਰਾ ਸਹਾਈ ਸਿੱਧ ਹੁੰਦੀ ਹੈ। ਲੈ-ਬੱਧ ਤਾਲ ਜਦੋਂ ਕਵੀ ਨੂੰ ਆਪਣੀ ਗੋਦ ਵਿਚ ਲੈ ਕੇ ਟੁੰਬਦੀ ਹਲੂਣਦੀ ਹੈ ਤਾਂ ਉਸ ਦੇ ਅੰਦਰੋਂ ਆਮ ਗੱਲਾਂ ਤੋਂ ਵੱਖ ਰਹਿ ਕੇ ਗੁਣਾਤਮਕ, ਗਿਣਾਤਮਕ, ਭਰਪੂਰ

ਕਵਿਤਾ ਫੁਰਦੀ ਹੈ ਜਿਸ ਨੂੰ ਫੁਰਨਾ ਜਾਂ ਇਲਹਾਮ ਆਖਿਆ ਜਾਂਦਾ ਹੈ। ਇਸ ਲੜੀ ਦੀ ਸ਼ਬਦ ਬਾਣੀ ਮਨੁੱਖ ਦੀ ਸੋਚ ਤੋਂ ਉਪਰ ਧੁਰ ਦੀ ਬਾਤ ਹੁੰਦੀ ਹੈ। ਜਿਸ ਨੂੰ ਧੁਰ ਕੀ ਬਾਣੀ ਆਖਿਆ ਜਾਂਦਾ ਹੈ। ਦਸਵੇਂ ਦੁਆਰ ਤੋਂ ਅਲਾਪਿਆ ਇਹ ਗੀਤ ਉਹ ਸੋਧ ਦਿੰਦਾ ਹੈ ਜੋ 'ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਦੀ ਸੋਝੀ ਤਾਲ ਦੀ ਪ੍ਰਕਰਮਾ ਦੇ ਘੇਰੇ ਵਿਚ ਦਿਵਾਉਂਦਾ ਹੈ। ਬਾਣੀ, ਭਗਤਾਂ, ਪੀਰਾਂ, ਨਾਨਕ ਨੇ ਲਿਖੀ, ਜੀਵਾਂ ਦੇ ਉਧਾਰ ਲਈ। ਉਹ ਗੁਰਬਾਣੀ ਦੇ ਨਾਮ ਨਾਲ, ਗੁਰਬਾਣੀ, ਸੰਗੀਤ ਤੇ ਥਾਲ ਵਿਚ ਪਰੋਸੀ ਗਈ, ਰਾਗ ਤਾਲ ਵਿਚ ਉਚਾਰੀ ਇਹ ਕਵਿਤਾ ਸ੍ਰੀ ਗੁਰੂ ਗੁਰੂ ਗਰੰਥ ਵਿੱਚ ਸਥਾਪਿਤ ਹੋ ਕੇ ਨਮਸ਼ਕਾਰ ਕਰਨ ਯੋਗ ਸਥਾਨ ਪ੍ਰਾਪਤ ਕਰ ਗਈ।

ਇਸ ਬਾਣੀ ਨੂੰ ਗਾਇਨ ਕਰਨ ਨਾਲ ਆਤਮਾਂ ਨੂੰ ਸਹਿਜ ਦਾ ਗਿਆਨ ਹੋ ਜਾਂਦਾ ਹੈ। ਬਾਣੀ ਵੱਖ-ਵੱਖ ਰਾਗਾਂ ਵਿਚ ਬੰਦਿਸ਼ ਹੋਈ ਮਿਲਦੀ ਹੈ ਤੇ ਵੱਖ-ਵੱਖ ਤਾਲਾਂ ਨਾਲ ਆਪਣਾ ਸੰਬੰਧ ਜੋੜਦੀ ਹੈ। ਇਹ ਗੱਲ ਵੱਖ ਹੈ ਕਿ ਬਾਣੀ ਵਿਚ ਆਏ ਰਾਗਾਂ ਅਤੇ ਤਾਲਾਂ ਨੂੰ ਅਸੀਂ ਪੂਰੀ ਤਰ੍ਹਾਂ ਨਹੀਂ ਜਾਣਦੇ। ਤਾਲਾਂ ਤੋਂ ਵੀ ਪਖਾਵਜੀਆਂ ਦੀ ਘਾਟ ਕਾਰਨ ਅਣੌਲੇ ਹੋਏ ਹਾਂ ਤੇ ਕੇਵਲ ਦਾਦਰਾ, ਕਹਿਰਵਾ ਤੀਨਤਾਲ ਨੂੰ ਮੁੱਖ ਮੰਨਿਆਂ ਹੈ। ਉਸ ਤੋਂ ਵੀ ਪੂਰੀ ਤਰ੍ਹਾਂ ਵਾਕਿਫ ਨਹੀਂ। ਤਾਲ ਦਾ ਸੁਭਾਅ ਕਦੋਂ, ਕਿਥੇ, ਕਿਸ ਵੇਲੇ ਬੰਦਿਸ਼ ਵਿਚ ਜਾ ਕੇ ਆਪਣਾ ਸਵਰੂਪ ਬਦਲਦਾ ਹੈ। ਬਾਣੀ ਦੀਆਂ ਬੰਦਿਸ਼ਾਂ, ਛੰਦਾ-ਬੰਦੀ ਦੇ ਆਧਾਰ ਤੇ ਤਾਲ-ਬੱਧ ਹਨ ਸਾਡੀ ਸਮਝ ਤੋਂ ਇਹ ਛੰਦ ਕ੍ਰਿਆ ਭਿੰਨ ਹੈ। ਛੰਦ ਦੀ ਚਾਲ ਹੱਥ ਦੀ ਤਾਲੀ ਦਾ ਗਿਆਨ ਨਾ ਹੋਣਾ ਹੀ ਸਾਡਾ ਤਾਲ ਤੋਂ ਅਗਿਆਨਤਾ ਵੱਲ ਜਾਣਾ ਹੈ। ਤਾਲ ਦੀ ਬੰਦਿਸ਼ ਵਿਚ ਸ਼ਬਦ ਦੇ ਪ੍ਰਯੋਗ ਨੂੰ ਖਾਸ ਲੈਅ ਵਿਚ ਪਰੋ ਕੇ ਰੱਖਣਾ ਅਤੇ ਹੂ-ਬ-ਹੂ ਸ਼ਬਦ ਨੂੰ ਤਾਲ ਦਾ ਮੇਲ ਕਰਨਾ, ਰਚਨਾ ਬੰਦਿਸ਼ ਨੂੰ ਤੋਲਣ ਦੀ ਕਸੌਟੀ ਹੈ ਜਿਵੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿੱਚ ਰਾਗ ਗਉੜੀ ਬੈਰਾਗਣ ਦਾ ਕੇਵਲ ਇਕ ਸ਼ਬਦ ਹੈ। ਜਿਸ ਦਾ ਸਿਰਲੇਖ ਹੈ ਗਉੜੀ ਬੈਰਾਗਣ ਰਹੋਏ ਕੇ ਛੰਤ ਕੇ ਮਹਲਾ ੫। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਅੰਕਿਤ ਕੀਤਾ ਹੈ ਰਹੋਏ ਕੇ ਘਰ ਕੇ 12 ਇਹ ਤਾਲ ਦੀ ਇਕ ਮਾਤਰ ਘੁੰਡੀ ਹੈ। ਇਸ ਤਰ੍ਹਾਂ ਦੀਆਂ ਅਨੇਕਾਂ ਹੀ ਘੁੰਡੀਆਂ ਬਾਣੀ ਵਿਚ ਹਨ ਜੋ ਖੋਜ ਅਧੀਨ ਹਨ। ਰਾਗ ਸਿਰਲੇਖ ਹੇਠ ਹੈ ਤਾਂ ਤਾਲ ਬੱਧ ਵੀ ਜ਼ਰੂਰ ਹੈ। ਕਹਿਣ ਨੂੰ ਤਾਂ ਇਹ ਇਕ ਮਾਲਵੇ (ਪੰਜਾਬ) ਦੀ ਧਾਰਣਾ ਹੈ ਬਹਿਰੇ ਤਬੀਲ ਹੈ, ਹੇਕਾਂ ਹਨ। ਜੋ ਵਿਰਤੀ ਨੂੰ ਟੁੰਬਦੀਆਂ ਹਨ। ਕੋਈ ਇਸ ਦੀ ਖੋਜ ਕਰੇ ਤਾਂ ਇਹ ਤਾਲ ਦਾ ਭਰਪੂਰ ਖਜ਼ਾਨਾ ਬਾਣੀ ਵਿਚ ਪਿਆ ਹੈ, ਕੋਈ ਅੱਜ ਉਠ ਕੇ ਇਹ ਕਹੇ ਕਿ ਘਰ ਤੀਜਾ ਦਾ ਅਰਥ ਤੀਨ ਤਾਲ ਹੈ ਤਾਂ ਇਹ ਭੁੱਲ ਹੈ।

ਗੁਰੂ ਸਾਹਿਬਾਂ ਤੋਂ ਪਹਿਲਾਂ ਕੋਈ ਤਾਲ ਪੱਦਤੀ ਪ੍ਰਚਾਰ ਵਿਚ ਨਹੀਂ ਸੀ, ਸਭ ਗਰੰਥਾਂ ਦੀ ਕਵਿਤਾ ਛੰਦਾਂ ਦੇ ਆਧਾਰ ਤੇ ਪੜ੍ਹੀ ਜਾਂਦੀ ਸੀ। ਵਾਦਕ ਛੰਦ ਨੂੰ ਕ੍ਰਿਆ ਅਨੁਸਾਰ ਪ੍ਰਸਤੁਤ ਕਰਦਾ ਸੀ। ਤਾਲਾਂ ਦੇ ਨਾਮ ਨਹੀਂ ਸਨ। ਮਹਾਰਾਸ਼ਟਰ ਦੇ ਮੰਦਰਾਂ

ਵਿਚ ਪਹਿਲਾਂ ਕੀਰਤੀ ਨਾਲ, ਤਾਲ ਲਈ ਮੰਜੀਰੇ. ਖੜਤਾਲਾਂ ਵਜਾ ਕੇ ਕੀਰਤੀ ਨੂੰ ਪੂਰਿਆ ਜਾਂਦਾ ਸੀ। ਚਰਮਵਾਦਾਂ ਦਾ ਮੰਦਰਾਂ ਵਿਚ ਆਉਣਾ ਵਰਜਿਤ ਸੀ। ਕੇਵਲ ਬਾਣੀ ਨੂੰ ਗਾਉਣ ਲਈ ਜਿਥੇ ਸਵਰ ਦਾ ਮੇਲ ਸੀ ਨਾਲ ਤਾਲ ਦਾ ਮੇਲ ਵੀ ਗੁਰੂ ਸਾਹਿਬਾਂ ਵਲੋਂ ਜੋੜੀ ਪਖਾਵਜ ਪ੍ਰਵਾਨਿਤ ਕੀਤਾ ਗਿਆ। ਗੁਰੂ ਨਾਨਕ ਸਾਹਿਬ ਨਾਲ ਕੇਵਲ ਸੰਗਰ ਰਬਾਬ ਦੀ ਹੀ ਸੀ। ਗੁਰੂ ਦਰਬਾਰ ਵਿਚ ਪਖਾਵਜ, ਜੋੜੀ ਕਾਫੀ ਦੇਰ ਬਾਅਦ ਪ੍ਰਚਲਿਤ ਹੋਇਆ। ਪਹਿਲਾਂ ਪਖਾਵਜੀ ਗੁਰਬਾਣੀ ਸੰਗੀਤ ਦੀ ਸੰਗਤ ਲਈ ਰਬਾਬੀ ਹੀ ਸਨ। ਕੀਰਤੀ ਨੂੰ ਕੀਰਤਨ ਦਾ ਨਾਮ, ਰਾਗ ਤਾਲ ਦੇ ਸੁਮੇਲ ਕਰਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੇ ਸੰਗਤਾਂ ਵਿਚ ਪ੍ਰਚਾਰਿਆ। ਇਸ ਨਾਲ ਸਰੰਦੇ ਅਤੇ ਪਖਾਵਜ ਦੀ ਸੰਗਤ ਹੋਣੀ ਸ਼ੁਰੂ ਹੋਈ। ਇਹ ਦੋਨੋਂ ਸਾਜ਼ ਗੰਭੀਰ ਪ੍ਰਕਿਰਤੀ ਦੇ ਹਨ ਅਤੇ ਧਰੁਪਦ ਸ਼ੈਲੀ ਨਾਲ ਨੇੜ ਦਾ ਸੰਬੰਧ ਰਖਦੇ ਹਨ ਗੁਰਬਾਣੀ ਵਿਚ ਗੁਰੂ ਸਾਹਿਬਾਂ ਵਲੋਂ ਲੋਕ ਵਾਰਾਂ, ਲੋਕ ਛੰਦ, ਲੋਕ-ਧੁਨਾਂ, ਪੌੜੀਆਂ, ਅਸ਼ਟਪਦੀਆਂ, ਸੋਹਲੇ, ਆਮ ਲੋਕਾਂ ਦੇ ਸਮਝ ਆਉਣ ਵਾਲੀਆਂ ਧੁਨਾਂ ਤੇ ਬਾਣੀ ਗਾ ਕੇ ਕੀਰਤਨ ਰਾਹੀਂ ਪ੍ਰਚਾਰ ਕੀਤਾ। ਇਸ ਤਰ੍ਹਾਂ ਦੀ ਸੇਧ ਮਨੁੱਖ ਨੂੰ ਗਉ ਰਾਹਾਂ ਦੀ ਪਗਡੰਡੀਆਂ ਤੋਂ ਵੱਖ ਰੱਖ ਕੇ ਜਿਸ ਨੇ ਗੁਰਮੁਖ ਗਾਡੀ ਰਾਹ ਚਲਾਇਆ ਤੇ ਆਪਣੀ ਅਸਲੀ ਮੰਜ਼ਿਲ ਤੇ ਪਹੁੰਚਿਆ। "ਤਹਾ ਬੈਕੁੰਠ ਜਹ ਕੀਰਤਨੁ ਤੇਰਾ।" ਇਕ ਰਸ ਸ਼ਬਦ ਵਿਚ ਪ੍ਰਵੇਸ਼ ਕਰਕੇ ਗੁਰਮੁਖ ਲਗਾਤਾਰ ਅੰਮ੍ਰਿਤ ਬਾਣੀ ਦੇ ਰੰਗ ਵਿਚ ਸਰਾਬੋਰ ਹੋ ਗਿਆ। ਗੁਰਬਾਣੀ ਸੰਗੀਤ ਦੀ ਇਹ ਵਿਸ਼ੇਸ਼ਤਾ ਹੈ ਕਿ ਸਾਰੀ ਬਾਣੀ "ਅਠਾਰਹ ਦਸ ਬੀਸ" ਤਕ ਘਰ 1 ਤੋਂ 17 ਤੱਕ ਵੱਖ ਨਾਮਾਂ ਤੇ ਛੰਦਾਂ ਦੀ ਗਿਣਤੀ ਕਰਦੀ ਹੋਈ ਵੀ ਸੀਮਤ ਨਹੀਂ ? ਬੇਅੰਤਤਾ ਦਾ ਸੁਨੇਹਾ ਦਿੰਦੀ ਹੈ। ਬਿਕਟ ਛੰਦਾਂ ਦੀਆਂ, ਗੁਰਬਾਣੀ ਵਿਚ ਆਈਆਂ ਲੈਆਂ ਦੀਆਂ ਕੜੀਆਂ ਬਾਣੀ ਵਿਚ ਪਰੋਈਆਂ ਹਨ। ਛੰਦਾਂ ਦੀ ਚਾਲ ਤੋਂ ਅੱਜ ਦੀ ਤਾਲ ਪੱਦਤੀ ਅਨੁਸਾਰ, ਤਾਲ ਦਾ ਨਾਮ ਰੱਖਿਆ ਜਾ ਸਕਣਾ ਔਖੀ ਗੱਲ ਹੈ।

ਕੋਈ ਗੁਰਮੁਖ ਸੇਵਕ ਕੱਢੇ ਖੋਤ, ਕੋਈ ਖੋਜੀ ਖੋਜ ਕਰੇ ਤਾਂ ਵੱਖਰੀ ਗੱਲ ਹੈ। ਅੱਜ ਸਾਡੇ ਪਾਸ ਕੌਮ ਦੀ ਅਣਗਹਿਲੀ ਕਾਰਣ ਗੁਰਬਾਣੀ ਸੰਗੀਤ ਦੀ ਸੰਗਤ ਲਈ ਕੋਈ ਵੀ ਪਖਾਵਜੀ ਨਹੀਂ ਹੈ ਜਦ ਕਿ ਬਾਣੀ ਤਾਲ-ਬੱਧ ਹੈ।

ਗੁਰਮਤਿ ਸੰਗੀਤ ਵਿਚ ਤਬਲਾ ਵਾਦਨ ਲੇਖ ਲਿਖਾਉਣ ਲਈ ਧੰਨਵਾਦ ਹੈ ਕਿ ਕੁਝ ਤਾਂ ਇਸ ਵੱਲ ਸੰਸਥਾ ਦਾ ਧਿਆਨ ਗਿਆ।

# ਗੁਰਮਤਿ ਸੰਗੀਤ : ਸ਼ਾਸਤਰ ਤੇ ਵਿਵਹਾਰ

—ਡਾ: ਗੁਰਨਾਮ ਸਿੰਘ

ਵਰਤਮਾਨ ਪਰਿਸਥਿਤੀਆਂ ਨੇ ਸਾਨੂੰ ਆਪਣੇ ਵਿਰਸੇ ਦੀ ਪਹਿਚਾਣ ਕਰਨ ਲਈ ਮਜਬੂਰ ਕੀਤਾ ਹੈ। ਗੁਰਮਤਿ ਸੰਗੀਤ, ਜੋ ਗੁਰਬਾਣੀ ਦੀ ਪ੍ਰਮੁੱਖ ਤੇ ਕੇਂਦਰੀ ਸੰਚਾਰ ਜੁਗਤ ਹੈ, ਬਾਣੀ ਦੇ ਸੌਂਦਰਯਾਤਮਿਕ ਪਾਸਾਰ ਅਤੇ ਇਸ ਦੇ ਅਨੁਯਾਈਆਂ ਦੇ ਸੌਂਦਰਯ ਬੋਧ ਦਾ ਕੇਂਦਰੀ ਬਿੰਦੂ ਵੀ ਹੈ। ਸਿੱਖ ਧਰਮ ਦਾ ਇਤਿਹਾਸਕ ਵਿਕਾਸ ਇਸ ਗੱਲ ਦਾ ਸਾਖਸ਼ੀ ਹੈ ਕਿ ਰਬਾਬ ਤੋਂ ਤਲਵਾਰ ਤਕ ਦੇ ਸਫ਼ਰ ਵਿਚ ਬਾਣੀ ਤੇ ਸੰਗੀਤ ਨੇ ਸਦੈਵ ਹੀ ਸਾਡੀ ਕੌਮ ਦੀਆਂ ਸੌਂਦਰਯਾਤਮਕ ਰੁਚੀਆਂ ਨੂੰ ਬਲ ਪ੍ਰਦਾਨ ਕਰਦਿਆਂ 'ਬਾਣੀ ਸਤਿ' ਦੁਆਰਾ ਚੜ੍ਹਦੀ ਕਲਾ ਪ੍ਰਦਾਨ ਕੀਤੀ ਹੈ। ਗੁਰਮਤਿ ਸੰਗੀਤ ਨਿਰੰਤਰ ਸਿੱਖ ਪਰੰਪਰਾ ਦਾ ਇਕ ਅਨਿੱਖੜ ਅੰਗ ਰਿਹਾ ਹੈ। ਵਰਤਮਾਨ ਸਮੇਂ ਗੁਰਮਤਿ ਸੰਗੀਤ ਦਾ ਰੂਪ ਜਿਹੋ ਜਿਹਾ ਵੀ ਹੋਵੇ ਪ੍ਰੰਤੂ ਸਿੱਖ ਧਰਮ ਦੇ ਅਨੁਯਾਈਆਂ ਦੇ ਸੌਂਦਰਯਾਤਮਿਕ ਬੋਧ, ਸੂਝ ਤੇ ਨੀਝ ਦੀ ਇਕ ਕਸੌਟੀ ਸਾਡਾ ਗੁਰਮਤਿ ਸੰਗੀਤ ਵਿਰਸਾ ਹੀ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਗੁਰਮਤਿ ਸੰਗੀਤ ਸੰਬੰਧੀ ਪਹਿਲੀ ਵਾਰ ਗੰਭੀਰ ਤੇ ਸੁਤੰਤਰ ਰੂਪ ਵਿਚ ਵਿਚਾਰ ਕਰਨੀ ਹੈ।

ਗੁਰਮਤਿ ਸੰਗੀਤ ਦਾ ਜੀਵੰਤ ਸਰੋਤ ਇਸ ਦੀ ਵਿਵਹਾਰਕ ਪਰੰਪਰਾ ਹੈ, ਜਿਸ ਦਾ ਸੰਬੰਧ ਸਿੱਧੇ ਤੌਰ 'ਤੇ ਇਸ ਦੀ ਸ੍ਰੋਤਾ-ਸ੍ਰੇਣੀ/ਸੰਗਤ ਨਾਲ ਹੈ। ਇਸ ਤੋਂ ਬਿਨਾਂ ਇਸ ਦਾ ਦੂਸਰਾ ਸਰੋਤ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਰੂਪ ਹਨ।

ਸਾਡੇ ਸਾਹਮਣੇ ਗੁਰਮਤਿ ਸੰਗੀਤ ਸੰਬੰਧੀ ਇਸ ਦੇ ਸੰਚਾਰ ਤੇ ਵਿਵਹਾਰ ਨਾਲ ਸੰਬੰਧਿਤ ਕੁਝ ਪਹਿਲੂ ਪ੍ਰਗਟ ਹੋ ਰਹੇ ਹਨ। ਅੱਜ ਗੁਰਮਤਿ ਸੰਗੀਤ-ਸ਼ਾਸਤਰੀ ਕੇਵਲ ਇਸ ਦੇ ਸ਼ਾਸਤਰ ਨੂੰ ਪਰਨਾਉਣ ਉਤੇ ਜ਼ੋਰ ਦੇ ਰਿਹਾ ਹੈ, ਇਸੇ ਤਰ੍ਹਾਂ ਸੰਗੀਤ ਸ਼ਾਸਤਰੀ ਇਸ ਨੂੰ ਪਦ ਗਾਇਨ ਦੀ ਇਕ ਵਿਧਾ ਸਮਝ ਕੇ ਸ਼ਾਸਤਰੀ ਅੰਦਾਜ਼ ਤੋਂ ਗਾਉਣ ਨੂੰ ਹੀ ਸ਼ੁੱਧ ਗੀਤ ਪ੍ਰਵਾਨੀ ਬੈਠਾ ਹੈ। ਨਿਰਾਸ਼ਾ ਜਨਕ ਹੈ, ਕਿ ਇਸ ਦੇ ਵਿਵਹਾਰ ਨੂੰ ਜੀਵਤ ਰੱਖਣ ਵਾਲੇ ਵਿਅਕਤੀ ਸਾਧਾਰਣ ਕਿਸਮ ਦਾ ਕੰਨ-ਰਸ ਦੇਣ ਵਾਲੀਆਂ ਲੋਕ ਪ੍ਰਿਅ ਧੁਨਾਂ ਨੂੰ ਅਪਣਾ ਕੇ ਦਿਨ-ਬ-ਦਿਨ ਇਸ ਦੇ ਸਰੂਪ ਤੇ ਵਿਕਾਸ ਨੂੰ ਅਜਬ ਕਿਸਮ ਦੇ ਪਰਿਵਰਤਨ ਵੱਲ ਲਿਜਾ ਰਿਹਾ ਹੈ, ਜਿਹੜਾ ਕਿਸੇ ਵੀ ਸੂਰਤ ਵਿਚ ਸਾਡੇ ਲਈ ਸਹੀ ਤੇ ਉਸਾਰੂ ਨਹੀਂ। ਗੁਰਮਤਿ ਸੰਗੀਤ ਦੀ ਸਿਖਲਾਈ ਦੇ ਕੇਂਦਰ ਅਲੋਪ ਹੋ ਚੁੱਕੇ ਹਨ। ਗੁਰਮਤਿ ਸੰਗੀਤ ਦੀ ਘਰਾਣੇਦਾਰੀ ਟਕਸਾਲ-ਪਰੰਪਰਾ ਕੇਵਲ ਪੁਰਾਣੇ ਬਜ਼ੁਰਗ ਕੀਰਤਨੀਆਂ ਦੀ ਸਿਮਰਤੀ ਦਾ ਹਿੱਸਾ ਹੀ ਰਹਿ ਗਈ ਹੈ। ਅੱਜ ਸਿੱਖ ਕੀਰਤਨੀਏ ਦਾ ਮੁਖ ਆਪਣੇ ਵਿਰਸੇ ਦੀ ਪਹਿ-

ਥਾਣ, ਸਿਖਲਾਈ ਤੇ ਅਭਿਆਸ ਦੀ ਥਾਂ ਆਪਣੀ ਸਰੋਤਾ ਸ਼੍ਰੇਣੀ/ਸੰਗਤ ਦੀਆਂ ਸ਼ਰਧਾਤਮਕ ਭਾਵਨਾਵਾ ਤੋਂ ਲਾਭ ਗ੍ਰਹਿਣ ਕਰਨ ਵਲ ਰੁਚਿਤ ਹੈ। ਕੀਰਤਨ ਨੂੰ 'ਮੰਡੀ ਦੀ ਵਸਤ' ਬਣਾਇਆ ਜਾ ਰਿਹਾ ਹੈ। ਜੀਵਨ ਦੀ ਤੇਜ਼ੀ ਨੇ ਜਿਥੇ ਸਾਡਾ ਸਹਿਜ ਖੋਹਿਆ ਹੈ ਉਥੇ ਸਾਡੀ ਗੁਰਮਤਿ ਸੰਗੀਤ ਪਰੰਪਰਾ ਦੁਆਰਾ ਬਾਣੀ-ਸਤਿ ਨੂੰ ਸਮਝਣ ਤੇ ਬੁਝਣ ਦੀ ਤਮੀਜ਼ ਵੀ ਸਾਡੇ ਕੋਲੋਂ ਖੋਹ ਲਈ ਹੈ। ਕੈਸਟ ਕਲਚਰ ਨੇ ਕੀਰਤਨ ਨੂੰ ਵਿਅਕਤੀ-ਮੁਖੀ ਅਤੇ ਤੁਛ ਜਿਹੀ ਕੀਮਤ ਉਤੇ ਖਰੀਦ ਕੇ ਘਰ ਵਿਚ ਵਜਣ ਵਾਲੀ ਟੇਪ ਤਕ ਸੀਮਤ ਕਰ ਦਿੱਤਾ ਹੈ। ਕੀਰਤਨ ਦੀ ਸੰਗਤ-ਮੁਖੀ ਸ਼ਾਨ, ਗੁਰੂ ਦੀ ਹਾਜ਼ਰੀ-ਹਜ਼ੂਰੀ, ਸਿੱਖ ਦਾ ਸਮਥਪਣ, ਸੰਗਤ ਦਾ ਅਗੰਮੀ ਮਾਹੌਲ, ਅੰਮ੍ਰਿਤ ਵੇਲੇ ਜਾਗ ਕੇ ਗੁਰੂ ਦੀ ਬੁਕਲ ਵਿਚ ਕੀਰਤਨ ਦੁਆਰਾ ਬਾਣੀ ਨੂੰ ਮਨ ਵਿਚ ਵਸਾਉਣਾ, ਦ੍ਰਿੜਾਉਣਾ ਪਤਾ ਨਹੀਂ ਕੀ ਕੀ ਸਾਡੇ ਵਿਰਸੇ ਵਿਚੋਂ ਇਕ ਇਕ ਕਰਕੇ ਕਿਰਦਾ ਜਾ ਰਿਹਾ ਹੈ। ਅਜਿਹੀਆਂ ਪਰਿਸਥਤੀਆਂ ਵਿਚ ਇਹ ਅਤਿ ਆਵਸ਼ਕ ਹੈ ਕਿ ਅਸੀਂ ਆਪਣੇ ਸੰਗੀਤਕ ਵਿਰਸੇ ਦੀ ਸਹੀ ਪਹਿਚਾਣ ਵੱਲ ਰੁਚਿਤ ਹੋਈਏ।

ਗੁਰਮਤਿ ਸੰਗੀਤ ਦੀ ਸਹੀ ਪਹਿਚਾਣ ਅਤੇ ਵਿਵਹਾਰਕ ਰੂਪ ਵਿਚ ਇਸ ਨੂੰ ਅਪਨਾਉਣ ਲਈ ਜ਼ਰੂਰੀ ਹੈ ਕਿ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਇਸ ਪਰੰਪਰਾ ਦੇ ਵਰਤਮਾਨ ਆਧਾਰ ਗਰੰਥ ਸ੍ਰੀ ਗੁਰੂ ਗਰੰਥ ਸਾਹਿਬ ਦੇ ਸਮੂਹ ਸੰਕੇਤਾਂ, ਹਵਾਲਿਆਂ, ਸੰਪਾਦਨਾ ਤੇ ਗੁਰਬਾਣੀ ਫੁਰਮਾਨਾਂ ਨੂੰ ਇਕ ਪ੍ਰਬੰਧ ਸਵੀਕਾਰ ਕਰਦਿਆਂ ਸ਼ਾਸਤਰ ਰੂਪ ਵਿਚ ਇਸ ਦੀ ਪਾਲਣਾ ਕੀਤੀ ਜਾਵੇ। ਗੁਰਮਤਿ ਸੰਗੀਤ ਸ਼ਾਸਤਰ ਦੇ ਪ੍ਰਮੁੱਖ ਲੱਛਣਾਂ ਨੂੰ ਅਸੀਂ ਹੇਠ ਲਿਖੀ ਵਿਧੀ ਦੁਆਰਾ ਗ੍ਰਹਿਣ ਕਰ ਸਕਦੇ ਹਾਂ—

(1) ਸਾਨੂੰ ਸਰਵ ਪ੍ਰਥਮ ਇਹ ਜਾਣ ਲੈਣਾ ਚਾਹੀਦਾ ਹੈ ਅਤੇ ਮਨ ਵਿਚ ਦ੍ਰਿੜਾ ਲੈਣਾ ਚਾਹੀਦਾ ਹੈ ਕਿ :—

— ਕਲਜੁਗ ਮਹਿ ਕੀਰਤਨ ਪਰਧਾਨਾ
ਗੁਰਮੁਖਿ ਜਪੀਐ ਲਾਇ ਧਿਆਨਾ ॥[1]

— ਜੋ ਜੋ ਕਥੈ ਸੁਨੈ ਕੀਰਤਨੁ ਤਾ ਕੀ ਦੁਰਮਤਿ ਨਾਸੁ ॥[2]

— ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ
ਰਾਗ ਰਸਨਾ ਰਤਨਾ ਅਲਾਪ ॥[3]

— ਜੋ ਜਨ ਕਰੈ ਕੀਰਤਨੁ ਗੋਪਾਲ
ਤਿਸ ਕਉ ਪੋਹਿ ਨ ਸਕੈ ਜਮਕਾਲੁ ॥[4]

(2) ਗੁਰੂ ਸਾਹਿਬਾਨ ਨੇ ਬਾਣੀ ਦੇ ਸੰਚਾਰ ਲਈ ਜਿਹੜੀ ਜੁਗਤ ਅਪਣਾਈ ਹੈ ਉਨ੍ਹਾਂ ਉਸ ਦੀ ਗਾਇਨ ਪ੍ਰਸਤੁਤੀ ਦਾ ਇਕ ਵਿਧੀ ਵਿਧਾਨ ਵੀ ਸਿਰਜਿਆ ਹੈ, ਜਿਸ

ਵਿਚ ਸਰਵ ਪ੍ਰਥਮ ਸ਼ਬਦ ਨੂੰ ਪਾਠ ਰੂਪ ਵਿਚ ਗ੍ਰਹਿਣ ਕਰਨਾ ਅਤਿ ਜ਼ਰੂਰੀ ਹੈ। ਗੁਰਬਾਣੀ ਵਿਚ ਰਾਗ, ਕਾਵਿ ਰੂਪ/ਗਾਇਨ ਸ਼ੈਲੀ, ਰਹਾਉ, ਅੰਕ ਅਤੇ ਹੋਰ ਸੰਗੀਤਕ ਸੰਕੇਤ ਇਸ ਦੇ ਗਾਇਕ, ਸਾਧਕ ਅਤੇ ਅਧਿਐਨਕਾਰ ਦਾ ਮਾਰਗ ਦਰਸ਼ਨ ਕਰ ਰਹੇ ਹਨ।

(ੳ) ਰਹਾਉ ਜਿਥੇ ਬਾਣੀ ਵਿਧਾਨ ਦੀ ਕੇਂਦਰੀ ਇਕਾਈ ਹੈ ਉਥੇ ਬਾਣੀ ਗਾਇਨ ਵਿਚ ਵੀ ਇਹ ਇਕ ਕੇਂਦਰੀ ਸੰਚਾਰਕ ਇਕਾਈ ਤੇ ਸ਼ਕਤੀ ਹੈ ਅਤੇ ਇਸ ਨੂੰ ਸਥਾਈ ਜਾਂ ਟੇਕ ਦੇ ਰੂਪ ਵਿਚ ਸਵੀਕਾਰ ਕਰਨਾ ਇਸ ਦਾ ਪ੍ਰਥਮ ਪ੍ਰਮੁੱਖ ਵਿਸ਼ਿਸ਼ਟ ਲੱਛਣ ਹੈ।

(ਅ) ਰਾਗ ਸ਼ਬਦ ਪ੍ਰਸਤੁਤੀ ਦਾ ਇਕ ਮਹੱਤਵਪੂਰਨ ਮੁੱਖ ਤੱਤ ਹੈ। ਗੁਰੂ ਸਾਹਿਬ ਨੇ ਰਾਗ ਨੂੰ ਸਿਰਲੇਖ ਰੂਪ ਵਿਚ ਅੰਕਿਤ ਕਰਕੇ ਅਤੇ ਬਾਣੀ ਵਿਚ ਇਸ ਸੰਬੰਧੀ ਅਨੇਕ ਫੁਰਮਾਨ ਦੇ ਕੇ ਇਸ ਦੇ ਮਹੱਤਵ ਨੂੰ ਦਰਸਾਇਆ ਹੈ।

— ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ ॥
ਰਾਗੁ ਨਾਦੁ ਸਭੁ ਸਚੁ ਹੈ ਕੀਮਤਿ ਕਹੀ ਨ ਜਾਇ ॥
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੁਝਿਆ ਜਾਇ ॥
ਨਾਨਕ ਹੁਕਮੈ ਬੁਝੈ ਤਿਨਾ ਰਾਸਿ ਹੋਇ ਸਤਿਗੁਰੂ ਤੇ ਸੋਝੀ ਪਾਇ ॥[5]

— ਰਾਗਿ ਨਾਦਿ ਮਨੁ ਦੂਜੈ ਭਾਇ ॥
ਅੰਤਰਿ ਕਪਟੁ ਮਹਾ ਦੁਖੁ ਪਾਇ ॥[6]

— ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ ॥
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ ॥
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ ॥[7]

— ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ ॥[8]

ਇਸ ਤੋਂ ਇਲਾਵਾ ਗੁਰਬਾਣੀ ਦਾ ਸਮੁੱਚਾ ਰਾਗ ਪ੍ਰਬੰਧ, ਰਾਗ ਵਰਗੀਕਰਣ ਗੁਰਮਤਿ ਸੰਗੀਤ ਵਿਚ ਰਾਗ ਦੇ ਮਹੱਤਵ ਨੂੰ ਹੋਰ ਵੀ ਸਪਸ਼ਟ ਕਰਦਾ ਹੈ। ਬਾਣੀ ਦੇ ਭਾਵ ਪ੍ਰਕਾਸ਼ਨ ਲਈ ਗੁਰੂ ਸਾਹਿਬ ਵਿਭਿੰਨ ਰਾਗਾਂ, ਰਾਗਾਂ ਪ੍ਰਕਾਰਾਂ, ਮਿਸ਼ਰਤ ਰਾਗਾਂ, ਮੌਸਮੀ ਰਾਗਾਂ ਅਤੇ ਵਿਭਿੰਨ ਇਲਾਕਾਈ ਰਾਗਾਂ ਦਾ ਪ੍ਰਯੋਗ ਕਰ ਰਹੇ ਹਨ। ਇਹ ਪ੍ਰਯੋਗ ਮਹਿਜ਼ ਸਿਰਲੇਖ ਰੂਪ ਵਿਚ ਅੰਕਣ ਤਕ ਹੀ ਸੀਮਤ ਨਹੀਂ ਸਗੋਂ ਇਹ ਵਿਵਹਾਰਕ ਰੂਪ ਅਪਣਾਏ ਜਾਣ ਦਾ ਸੰਕੇਤ ਹੈ। ਗੁਰਬਾਣੀ ਦੇ ਰਾਗ ਪ੍ਰਬੰਧ ਨੂੰ ਵਿਵਹਾਰਕ ਰੂਪ ਵਿਚ ਅਪਣਾਉਂਦਿਆਂ ਸਾਨੂੰ ਇਸ ਭੁਲੇਖੇ ਵਿਚ ਨਹੀਂ ਪੈਣਾ ਚਾਹੀਦਾ ਕਿ ਰਾਗ ਤੋਂ ਭਾਵ ਭਾਰਤੀ ਸ਼ਾਸਤਰੀ ਸੰਗੀਤ ਵਿਚਲੇ ਸ਼ਾਸਤਰੀ ਗਾਇਨ ਜਾਂ ਰਾਗ ਵਿਸਥਾਰ ਤੋਂ ਹੈ। ਸਗੋਂ

ਗੁਰਬਾਣੀ ਵਿਚ ਰਾਗ ਨੂੰ ਬਾਣੀ ਵਿਧਾਨ ਦੇ ਅੰਕੁਸ਼ ਦੁਆਰਾ ਇਸ ਦੇ ਮੂਲ ਕਲਾਮਈ ਆਡੰਬਰੀ ਗੁਣਾਂ ਤੋਂ ਨਿਵੇਕਲੇ ਰੂਪ ਵਿਚ ਸਵੀਕਾਰ ਕੀਤਾ ਗਿਆ ਹੈ। ਗੁਰਬਾਣੀ ਵਿਚ ਕੇਵਲ ਉਨ੍ਹਾਂ ਰਾਗਾਂ ਨੂੰ ਹੀ ਅਪਣਾਇਆ ਗਿਆ ਹੈ ਜਿਹੜੇ ਸਫਲ ਵਿਧੀ ਦੁਆਰਾ ਗੁਰਬਾਣੀ ਦਾ ਭਾਵ ਪ੍ਰਕਾਸ਼ਨ ਕਰ ਸਕਦੇ ਸਨ।

(ਦ) ਬਾਣੀ ਦੇ ਸੰਗੀਤ ਪ੍ਰਬੰਧ ਵਿਚ ਵਿਭਿੰਨ ਗਾਇਨ ਸ਼ੈਲੀਆਂ ਨੂੰ ਅਸੀਂ ਸ਼ਾਸਤਰੀ ਤੇ ਲੋਕ ਰੂਪਾਂ ਅਨੁਸਾਰ ਵਿਭਾਜਿਤ ਕਰ ਸਕਦੇ ਹਾਂ। ਪ੍ਰਬੰਧ, ਧਰੁਪਦ, ਪੜਤਾਲ ਵਰਗੀਆਂ ਗਾਇਨ ਸ਼ੈਲੀਆਂ ਇਸ ਦੇ ਸ਼ਾਸਤਰੀ ਪ੍ਰਵਾਹ ਦਾ ਸੰਕੇਤ ਹਨ ਅਤੇ ਲੋਕ ਧਾਰਾ ਦੇ ਨਿਰੰਤਰ ਪ੍ਰਵਾਹ ਵਿਚੋਂ ਲਈਆਂ ਗਈਆਂ ਲੋਕ ਗਾਇਨ ਸ਼ੈਲੀਆਂ ਵਾਰ, ਅਲਾਹੁਣੀਆਂ, ਘੋੜੀਆਂ ਆਦਿ ਇਸ ਦੀ ਲੋਕ ਪਰੰਪਰਾ ਨਾਲ ਸਾਂਝ ਦਾ ਪ੍ਰਤੀਕ ਹਨ। ਗੁਰੂ ਸਾਹਿਬਾਨ ਨੇ ਇਨ੍ਹਾਂ ਸ਼ਾਸਤਰੀ ਤੇ ਲੋਕ ਵਿਧਾਵਾਂ ਨੂੰ ਵਿਸ਼ਿਸ਼ਟ ਗੁਰਮਤਿ ਅਨੁਸ਼ਾਸਨ ਅਧੀਨ ਕਾਰਜਸ਼ੀਲ ਕਰਕੇ ਇਹਨਾਂ ਵਿਚਲੀਆਂ ਮੂਲ ਸੰਭਾਵਨਾਂ ਨੂੰ ਆਪਣੇ ਬਾਣੀ ਪ੍ਰਯੋਜਨ ਦੀ ਸਿਧੀ ਲਈ ਇਸਤੇਮਾਲ ਕੀਤਾ ਹੈ। ਗੁਰਮਤਿ ਸੰਗੀਤ ਵਿਚ ਸ਼ਾਸਤਰੀ ਸ਼ਰੇਣੀਆਂ ਨੂੰ ਇਹਨਾਂ ਦੀ ਸ਼ਾਸਤਰੀ ਕਠਿਨਤਾ ਤੇ ਕੱਟੜਤਾ ਤੋਂ ਮੁਕਤ ਕਰਕੇ ਸਹਿਜ ਦਾ ਧਾਰਨੀ ਬਣਾਇਆ ਹੈ। ਲੋਕ ਸ਼ੈਲੀਆਂ ਦੀ ਆਪ ਮੁਹਾਰੀ ਖੁਲ੍ਹ ਨੂੰ ਗੁਰਮਤਿ ਸੰਗੀਤ ਅਧੀਨ ਅਨੁਸ਼ਾਸਨ-ਬੱਧ ਕਰਕੇ ਇਨ੍ਹਾਂ ਵਿਚਲੀਆਂ ਵਿਲੱਖਣ ਸੰਸਾਰ ਸਮਰਥਾਵਾਂ ਨੂੰ ਨਿਵੇਕਲੀ ਵਿਵਹਾਰਕ ਸ਼ਕਤੀ ਪ੍ਰਦਾਨ ਕੀਤੀ ਹੈ। ਗੁਰਬਾਣੀ ਵਿਚ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਸਹਿਜ ਗਾਇਨ ਤੇ ਲੋਕ ਸ਼ੈਲੀਆਂ ਦਾ ਰਾਗਾਤਮਿਕ ਤੇ ਸੰਗੀਤਕ ਨਿਰਾਧਾਰਣ ਸਾਡੇ ਇਸ ਕਥਨ ਨੂੰ ਹੋਰ ਵੀ ਬਲ ਪ੍ਰਦਾਨ ਕਰਦਾ ਹੈ।

ਗੁਰਮਤਿ ਸੰਗੀਤ ਦੇ ਉਪਰੋਕਤ ਵਿਭਿੰਨ ਉਪਕਰਣਾਂ ਦੇ ਸੰਖੇਪ ਰੂਪ ਵਿਚ ਦਰਜ ਕੀਤੇ ਗਏ ਸ਼ਾਸਤਰਿਕ ਲੱਛਣਾਂ ਤੋਂ ਬਿਨ੍ਹਾਂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਕਈ ਹੋਰ ਸੰਗੀਤਕ ਸੰਕੇਤ ਤੇ ਹਵਾਲੇ ਇਸ ਦੇ ਸ਼ਾਸਤਰ ਨਿਰਮਾਣ ਹੁੰਦੇ ਹਨ, ਜਿਨ੍ਹਾਂ ਵਿਚੋਂ ਘਰੁ, ਜਤਿ, ਧੁਨਿ ਆਦਿ ਉਦਾਹਰਣ ਦੇ ਤੌਰ ਤੇ ਵੇਖੇ ਜਾ ਸਕਦੇ ਹਨ। ਗੁਰੂ ਸਾਹਿਬਾਨ ਬਾਣੀ ਦੀ ਪ੍ਰਸਤੁਤੀ ਤੇ ਪ੍ਰਸਤੁਤਕਾਰ ਲਈ ਵੀ ਕੁਝ ਆਦਰਸ਼ ਸਥਾਪਿਤ ਕਰ ਰਹੇ ਹਨ।

ਗੁਰਮਤਿ ਸੰਗੀਤ ਦੀ ਪ੍ਰਸਤੁਤੀ ਦਾ ਲਕਸ਼ ਬਾਣੀ ਦੁਆਰਾ ਪਰਮ ਸਤਿ ਦਾ ਅਨੁਭਵ ਤੇ ਬੋਧ ਕਰਵਾਉਣਾ ਹੈ। ਇਹ ਪ੍ਰਸਤੁਤੀ ਆਪਣੇ ਵਭਿੰਨ ਸੰਗੀਤਕ ਉਪਕਰਣਾਂ, ਅੰਗਾਂ ਤੇ ਸੌਂਦਰਯਾਤਮਿਕ ਕਲਾ ਜੁਗਤਾਂ ਦੁਆਰਾ ਕੇਵਲ ਮਾਨਵੀ ਮਨ ਦੀ ਭਾਵਕ ਏਕਤਾ ਦੀ ਰਚਨਾ ਕਰਦਿਆਂ ਸਾਧਾਰਣ ਕਿਸਮ ਦੇ ਸੁਹਜ ਦੀ ਅਵਸਥਾ ਨਹੀਂ ਸਿਰਜਦੀ ਸਗੋਂ ਬਾਣੀ ਦੇ ਬੋਧ ਦਾ ਲਕਸ਼ ਅਤੇ ਇਸ ਦੀ ਸਹਿਜ ਪ੍ਰਾਪਤੀ ਇਸ ਦਾ ਮੁਖ ਤੇ ਅੰਤਿਮ ਲਕਸ਼ ਹੈ। ਗੁਰਮਤਿ ਸੰਗੀਤ ਦੀ ਪ੍ਰਸਤੁਤੀ ਸ਼ਬਦ ਮੁਖੀ ਹੈ ਪ੍ਰੰਤੂ ਸਾਧਾਰਣ ਪ੍ਰਸਤੁਤੀ ਸੰਗੀਤ ਮੁਖੀ। ਇਸੇ ਕਰਕੇ ਇਹ ਪ੍ਰਸਤੁਤੀ ਕਿਸੇ ਕਲਾ ਪ੍ਰਸਤੁਤੀ ਤੋਂ ਭਿੰਨ 'ਹਉ' ਜਾਂ 'ਮੈਂ' ਤੋਂ ਰਹਿਤ ਹੈ। ਗੁਰਬਾਣੀ ਦਾ ਕਥਨ ਹੈ।

— ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ ॥[9]

ਗੁਰਮਤਿ ਸੰਗੀਤ ਸੰਪੂਰਨ ਸਮਰਪਣ ਦੀ ਮੰਗ ਕਰਦਾ ਹੈ। ਗੁਰਮਤਿ ਸੰਗੀਤ ਸ਼ਾਸਤਰ ਅਧੀਨ ਸ਼ਬਦ ਗਾਇਨ ਪ੍ਰਸਤੁਤੀ ਸਾਧਾਰਣ ਸੰਗੀਤਕ ਅਨੰਦ ਦੀ ਪ੍ਰਾਪਤੀ ਨਹੀਂ ਕਰਾਉਂਦੀ ਸਗੋਂ ਬਾਣੀ ਦੇ ਅੰਤਰ-ਨਿਹਤ ਪਰਮ ਸਤਿ ਦਾ ਅਨੁਭਵ ਤੇ ਬੋਧ ਇਸ ਦਾ ਲਕਸ਼ ਹੈ। ਗੁਰੂ ਸਾਹਿਬਾਨ ਪ੍ਰਸਤੁਤਕਾਰ ਲਈ ਜਿਥੇ ਵਿਸ਼ਿਸ਼ਟ, ਨਿਸ਼ਚਿਤ ਤੇ ਨਿਰਧਾਰਤ ਸੰਗੀਤ ਪ੍ਰਬੰਧ ਦੀ ਸਿਰਜਣਾ ਕਰ ਰਹੇ ਹਨ ਉਥੇ ਇਹਨਾਂ ਉਪਰ ਅਧਾਰਿਤ ਸ਼ਬਦ ਕੀਰਤਨ ਪ੍ਰਸਤੁਤੀ ਦੀ ਵਿਧੀ ਤੇ ਲੱਛਣਾਂ ਦਾ ਵਰਨਣ ਵੀ ਕਰਦੇ ਹਨ। ਪ੍ਰਸਤੁਤੀ ਦੇ ਸੰਦਰਭ ਵਿਚ ਗੁਰਬਾਣੀ ਦੇ ਕੁਝ ਫੁਰਮਾਨ ਇਥੇ ਸਾਡੇ ਲਈ ਮਹੱਤਵਪੂਰਨ ਹਨ :

— ਆਪਿ ਗਵਾਏ ਸੁ ਹਰਿ ਗੁਨ ਗਾਉ ॥[10]

— ਗੁਰਮਤਿ ਬਾਜੈ ਸ਼ਬਦੁ ਅਨਾਹਦ
ਗੁਰਮਤਿ ਮਨੂਆ ਗਾਵੈ ॥[11]

— ਸਹਜੇ ਗਾਵਿਆ ਥਾਇ ਪਵੈ
ਬਿਨੁ ਸਹਜੈ ਕਥਨੀ ਬਾਦਿ ॥[12]

ਗੁਰਮਤਿ ਸੰਗੀਤ ਪ੍ਰਬੰਧ ਦੇ ਉਪਰ ਵਰਣਿਤ ਲੱਛਣਾਂ ਤੋਂ ਪ੍ਰਗਟ ਹੈ ਕਿ ਇਹ ਸੰਗੀਤ ਪ੍ਰਬੰਧ ਕੋਈ ਸਾਧਾਰਣ ਕਿਸਮ ਦੀ ਕੀਰਤਨ ਪ੍ਰਸਤੁਤੀ ਹੀ ਨਹੀਂ ਸਗੋਂ ਵਿਭਿੰਨ ਸੰਗੀਤਕ ਉਪਕਰਣਾਂ, ਗੁਰਮਤਿ ਸੰਗੀਤ ਪ੍ਰਬੰਧ ਦੁਆਰਾ ਨਿਰਮਿਤ ਪ੍ਰਸਤੁਤੀ ਵਿਧਾਨ ਨੇ ਇਕ ਵਿਸ਼ਿਸ਼ਟ ਗੁਰਮਤਿ ਸੰਗੀਤ ਸ਼ਾਸਤਰ ਦੀ ਸਿਰਜਣਾ ਕਰਦਿਆਂ ਇਸ ਨੂੰ ਵਿਸ਼ਵ ਤੇ ਭਾਰਤੀ ਪਰੰਪਰਾਵਾਂ ਵਿਚ ਨਿਵੇਕਲਾ ਅਤੇ ਅੱਡਰਾ ਸਥਾਨ ਪ੍ਰਦਾਨ ਕਰਵਾਇਆ ਹੈ। ਗੁਰਮਤਿ ਸੰਗੀਤ ਭਾਵੇਂ ਭਾਰਤੀ ਸੰਗੀਤ ਦੇ ਮੂਲ ਉਪਕਰਣ ਇਸਤੇਮਾਲ ਕਰਦਾ ਹੈ ਪ੍ਰੰਤੂ ਆਪਣੇ, ਸ਼ਾਸਤਰ ਸਦਕਾ ਇਸ ਨੇ ਆਪਣੀ ਸੁਤੰਤਰ ਹੋਂਦ ਬਣਾਈ ਹੈ, ਜਿਸ ਨੂੰ ਅਸੀਂ ਸਿੱਖ ਸੰਗੀਤ, ਗੁਰਬਾਣੀ ਸੰਗੀਤ, ਗੁਰਮਤਿ ਸੰਗੀਤ ਦੇ ਨਾਮ ਨਾਲ ਸੰਬੋਧਨ ਕਰਦੇ ਹਾਂ।

ਗੁਰਮਤਿ ਸੰਗੀਤ ਸ਼ਾਸਤਰ ਸੰਬੰਧੀ ਉਪਰੋਕਤ ਵਿਸ਼ਲੇਸ਼ਣ ਉਪਰੰਤ ਸਾਡੇ ਮਨਾਂ ਵਿਚਲਾ ਪ੍ਰਸ਼ਨ ਬਾਰ ਬਾਰ ਉਤਪੰਨ ਹੁੰਦਾ ਹੈ ਕਿ ਇਸ ਵਿਸ਼ਿਸ਼ਟ ਸ਼ਾਸਤਰ ਦਾ ਵਿਵਹਾਰ ਨਾਲ ਕੀ ਸੰਬੰਧ ਹੈ। ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਪ੍ਰਬੰਧ ਨੂੰ ਵਿਵਹਾਰਕ ਰੂਪ ਵਿਚ ਪ੍ਰਯੋਗ ਵਿਚ ਲਿਆਉਂਦਿਆਂ ਇਸ ਦਾ ਸੰਸਥਾਗਤ ਪ੍ਰਚਲਨ ਕੀਤਾ। ਗੁਰਬਾਣੀ, ਗੁਰੂ ਸਾਹਿਬਾਨ ਤੇ ਇਹਨਾਂ ਦੇ ਸਮਕਾਲੀ ਸਿੱਖ ਇਤਿਹਾਸ ਦੇ ਪੰਨੇ ਇਸ ਗੱਲ ਦੇ ਗਵਾਹ ਹਨ ਕਿ ਗੁਰੂ ਸਾਹਿਬ ਨੇ ਗੁਰਮਤਿ ਸੰਗੀਤ ਸ਼ਾਸਤਰ ਨੂੰ ਵਿਵਹਾਰਕ ਰੂਪ ਵਿਚ ਸਿੱਖੀ ਜੀਵਨ ਦਾ ਅਨਿੱਖੜ ਅੰਗ ਬਣਾਇਆ। ਸਿੱਖ ਧਰਮ ਵਿਚ ਪ੍ਰਚਲਿਤ ਸ਼ਬਦ ਕੀਰਤਨ ਪਰੰਪਰ ਕੀਰਤਨ ਚੌਂਕੀਆਂ ਤੇ ਇਹਨਾਂ ਦਾ ਗੁਰਮਤਿ ਸੰਗੀਤ ਸ਼ਾਸਤਰੀ ਪਾਸਾਰ

ਵਿਵਹਾਰ ਦੀਆਂ ਉਤਮ ਤੇ ਸਫਲ ਉਦਾਹਰਣਾਂ ਹਨ। ਅਸੀਂ ਇਹ ਵਿਚਾਰਨਾ ਹੈ ਕਿ ਕਿਵੇਂ ਇਸ ਦੇ ਵਿਲੱਖਣ ਮੁਹਾਂਦਰੇ ਨੂੰ ਕਾਇਮ ਰਖਿਆ ਜਾਵੇ ਤਾਂ ਜੋ ਇਹ ਕਿਸੇ ਹੋਰ ਸਾਧਾਰਣ ਕਿਸਮ ਦੀ ਕੀਰਤਨ ਪਰੰਪਰਾ ਵਾਂਗ ਵਿਕਰਤ ਹੋਵੇ। ਮੇਰੇ ਵਿਚਾਰ ਅਨੁਸਾਰ ਜਿਥੇ ਗੁਰਮਤਿ ਸੰਗੀਤ ਦੀ ਸ਼ੁੱਧ ਸਿਖਲਾਈ, ਰਾਗਦਾਰੀ ਦੀ ਸਮਝ, ਅਭਿਆਸ, ਤੰਤੀ ਸਾਜ਼ਾਂ ਦਾ ਗਾਇਨ ਆਧਾਰ, ਆਦਿ ਗੁਰਮਤਿ ਸੰਗੀਤ ਸ਼ਾਸਤਰ ਦੇ ਮਹੱਤਵਪੂਰਨ ਬੁਨਿਆਦੀ ਤੇ ਸਹਾਇਕ ਨੁਕਤੇ ਹਨ, ਉਥੇ ਗੁਰੂ ਸਾਹਿਬਾਨ ਦੁਆਰਾ ਨਿਯਮਿਤ ਤੇ ਸਥਾਪਿਤ ਗੁਰਮਤਿ ਸੰਗੀਤ ਸ਼ਾਸਤਰ ਦੇ ਵਿਵਹਾਰਕ ਪ੍ਰਚਲਨ ਲਈ ਇਹ ਅਤਿ ਜ਼ਰੂਰੀ ਹੈ ਕਿ ਅਸੀਂ ਆਪਣੇ ਸ਼ਬਦ ਕੀਰਤਨ ਪਰੰਪਰਾ ਨੂੰ ਰਾਗ, ਰਹਾਉ, ਅੰਕ, ਗਾਇਨ ਸ਼ੈਲੀ, ਪ੍ਰਸਤੁਤੀ-ਲੱਛਣ ਆਦਿ ਵਰਗੇ ਮੁਢਲੇ ਲੱਛਣਾਂ ਨੂੰ ਅਪਣਾਈਏ। ਮੇਰੀ ਜਾਚੇ ਇਹ ਲੱਛਣ ਤੇ ਨਿਯਮ ਇੰਨੇ ਸੁਖੇਨ ਹਨ ਕਿ ਸਹਿਜ ਰੂਪ ਵਿਚ ਹੀ ਥੋੜੀ ਜਿਹੀ ਸਾਵਧਾਨੀ ਨਾਲ ਇਹਨਾਂ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਅੱਜ ਵਰਤਮਾਨ ਕੀਰਤਨੀਆ ਕਿਸੇ ਇਕ ਫਿਲਮੀ ਧੁਨ ਜਾਂ ਪ੍ਰਚਲਤ ਧੁਨ ਨੂੰ ਸਿੱਖਣ ਉਤੇ ਆਪਣਾ ਸਮਾਂ ਬਰਬਾਦ ਕਰ ਸਕਦਾ ਹੈ ਪ੍ਰੰਤੂ ਰਾਗ ਦਾ ਆਰੰਭਿਕ ਸਰੂਪ ਜਾਨਣ ਤੋਂ ਕਤਰਾਉਂਦਾ ਹੈ। ਮੇਰੀ ਧਾਰਣਾ ਹੈ ਕਿ ਸਾਡਾ ਕੀਰਤਨਕਾਰ ਜੇਕਰ ਫਿਲਹਾਲ ਉਚਕੋਟੀ ਦਾ ਸ਼ਾਸਤਰੀ ਸੰਗੀਤਕਾਰ ਨਹੀਂ ਬਣ ਸਕਦਾ ਤਾਂ ਕੇਵਲ ਉਹ ਵਰਤਮਾਨ ਸੰਗੀਤ ਵਿਦਿਆਰਥੀਆਂ ਜਿੰਨੀ ਰਾਗਦਾਰੀ ਤੇ ਗੁਰਮਤਿ ਸੰਗੀਤ ਸ਼ਾਸਤਰ ਦੀ ਸਮਝ ਤਾਂ ਰਖ ਹੀ ਸਕਦਾ ਹੈ।

ਸਾਡੇ ਕੀਰਤਨੀਏ ਲਈ ਮੂਲ ਤੇ ਬੁਨਿਆਦੀ ਆਵਸ਼ਕਤਾ ਗੁਰ ਸ਼ਬਦ ਨਾਲ ਜੁੜਨਾ ਹੈ। ਇਸ ਲਈ ਜੇਕਰ ਉਹ ਗੁਰਮਤਿ ਸੰਗੀਤ ਸ਼ਾਸਤਰ ਦੇ ਉਪਰ ਵਰਣਿਤ ਲੱਛਣਾਂ ਨੂੰ ਥੋੜੀ ਜਿਹੀ ਸਾਵਧਾਨੀ ਤੇ ਪ੍ਰੇਰਨਾ ਨੂੰ ਸਹਿਜ ਰੂਪ ਵਿਚ ਅਪਣਾ ਲਵੇ ਤਾਂ ਗੁਰਮਤਿ ਸੰਗੀਤ ਸੰਬੰਧੀ ਆਸਵਾਨ ਵਿਚਾਰਕਾਂ ਦਾ ਲਿਆ ਗਿਆ ਸੁਪਨਾ ਨਿਸਚੇ ਹੀ ਸਾਕਾਰ ਹੋਵੇਗਾ। ਲੋੜ ਹੈ, ਕੇਵਲ ਕੀਰਤਨੀਏ ਨੂੰ ਸਾਵਧਾਨ ਕਰਨ ਦੀ। ਵਿਵਹਾਰਕ ਪਰੰਪਰਾ ਨੂੰ ਜ਼ਰਾ ਨੀਝ ਨਾਲ ਵੇਖੀਏ ਤਾਂ ਗੁਰਮਤਿ ਸੰਗੀਤ ਸ਼ਾਸਤਰ ਤੇ ਪਰੰਪਰਾ ਦੇ ਮੂੱਲਾਂ ਦਾ ਇਕ ਇਕ ਕਰਕੇ ਸਾਡੀ ਮੁੱਠੀ ਵਿੱਚੋਂ ਕਿਰਨਾ, ਕੇਵਲ ਕੀਰਤਨੀ ਵੀਰਾਂ ਦਾ ਹੀ ਦੋਸ਼ ਨਹੀਂ, ਸਗੋਂ 'ਆਪਨੜੇ ਗਿਰੀਵਾਨ ਮਹਿ ਸਿਰ ਨਿਵਾ ਕਰ ਦੇਖ'। ਅਸੀਂ ਸਾਰੇ ਆਪਣੇ ਗੁਰਦੁਆਰੇ ਰੂਪੀ ਸਿੱਖ ਸੰਸਥਾ ਨੂੰ ਸਿਧਾਂਤ ਤੇ ਮਰਿਆਦਾ ਦੇ ਪੱਧਰ ਤੇ ਇੰਨਾਂ ਸਾਧਾਰਣ ਬਣਾ ਦਿੱਤਾ ਹੈ ਕਿ ਉਸ ਵਿਚ ਪ੍ਰਚਲਿਤ ਵਿਵਹਾਰਕ ਸੰਗੀਤ ਇਸ ਦੀ ਮੂਲ ਵਿਸ਼ਿਸ਼ਟਤਾ, ਵਿਲੱਖਣਤਾ ਦੀ ਬਜਾਏ ਸਾਧਾਰਣ ਹੋ ਕੇ ਰਹਿ ਗਿਆ ਹੈ। ਗੁਰਮਤਿ ਸੰਗੀਤ ਕੀਰਤਨ ਹੁਣ ਕੀਰਤਨੀਏ ਲਈ ਕੋਈ ਕਸਬੀ ਚੁਣੌਤੀ ਨਹੀਂ ਸਿਰਜਦਾ ਸਗੋਂ ਇਹ ਮੰਨਿਆ ਜਾਂਦਾ ਹੈ ਕਿ ਹਰਮੋਨੀਅਮ ਦੀਆਂ ਚਾਰ ਸੁਰਾਂ ਨੱਪ ਕੇ ਕਿਸੇ ਵੀ ਸ਼ਬਦ ਨੂੰ ਸਾਧਾਰਣ ਕੰਨ ਰਸੀ ਧੁਨ ਤੇ ਜਿਸ ਨਾਲ ਸਾਧਾਰਣ ਤੋਂ ਸਾਧਾਰਣ ਵਿਅਕਤੀ ਵੀ ਗਾ ਸਕੇ, ਹੀ ਪ੍ਰਵਾਨ ਹੋ ਸਕਦਾ ਹੈ ਸਾਨੂੰ ਆਪਣੀਆਂ ਸੰਸਥਾਵਾਂ ਦੇ ਵਿਵਹਾਰਕ ਸਤਰ, ਮਰਿਆਦਾ ਕੀਰਤਨ ਅਤੇ ਕੀਰਤਨੀਆਂ ਸੰਬੰਧੀ ਆਪਣੇ ਦ੍ਰਿਸ਼ਟੀਕੋਣ ਨੂੰ ਬਦਲਣਾ

ਹੋਵੇਗਾ ਤੇ ਨਾਲ ਹੀ ਇਕ ਚੈਨ, ਇਕ ਚਣੌਤੀ, ਇਕ ਚੈਲੰਜ ਕੀਰਤਨੀਆਂ ਨੂੰ ਵੀ ਕਰ ਨਾ ਹੋਵੇਗਾ ਪੁੱਛਣਾ ਹੋਵੇਗਾ ਕਿ ਕੀ ਉਹ ਗੁਰੂ ਸਾਹਿਬਾਨ ਦੁਆਰਾ ਨਿਰਮਿਤ ਤੇ ਸਥਾਪਿਤ ਨਿਯਮਾਂ ਦਾ ਪਾਲਣ ਕਰ ਰਹੇ ਹਨ ਜਾਂ ਨਹੀਂ। ਅਸੀਂ ਸਾਰੇ ਆਸਵੰਦ ਹਾਂ ਕਿ ਅਸੀਂ ਫੇਰ ਆਪਣੇ ਸੰਗੀਤ ਨੂੰ ਕੇਵਲ ਇਸ ਰਸਮੀ ਸ਼ਾਬਦਿਕ ਵਿਚਾਰ ਤੇ ਚਰਚਾ ਤੱਕ ਸੀਮਤ ਨਾ ਰਖਕੇ ਵਿਵਹਾਰਕ ਰੂਪ ਵਿਚ ਉਸੇ ਬੁਲੰਦੀ ਤੇ ਪਹੁੰਚਾਵਾਂਗੇ। ਇਹ ਕੇਵਲ ਕਿਸੇ ਇੱਕ ਸੰਸਥਾ, ਜਾਂ ਸੰਗਠਨ ਦਾ ਕਾਰਜ ਹੀ ਨਹੀਂ ਸਗੋਂ ਹਰ ਸਿੱਖ ਦਾ ਪਰਮ ਧਰਮ ਹੈ ਕਿ ਜਿਥੇ ਉਹ ਗੁਰੂ ਸਾਹਿਬਾਨ ਦੁਆਰਾ ਦਰਸਾਈ ਗਈ ਰਹਿਤ ਮਰਿਆਦਾ ਸਿੱਖੀ ਜੀਵਨ ਦੀ ਪਾਲਣਾ ਲਈ ਵਚਨਬੱਧ ਤੇ ਯਤਨਸ਼ੀਲ ਹੈ ਉਥੇ ਉਹ ਆਪਣੀਆਂ ਗੁਰਮਤਿ ਸੰਗੀਤ ਵਰਗੀਆਂ ਵਿਵਹਾਰਕ ਪਰੰਪਰਾਵਾਂ ਨੂੰ ਵੀ ਗੁਰਮਤਿ ਅਨੁਸਾਰ ਜਿਉਂਦਿਆਂ ਰੱਖ ਸਕੇ।

---

## ਪਦ ਟਿੱਪਣੀਆਂ

1. ਮਾਰੂ ਮਹਲਾ 5, **ਆਦਿ ਗਰੰਥ.** ਪੰਨਾ 1075
2. ਕਾਨੜਾ ਮਹਲਾ 4,5, **ਆਦਿ ਗਰੰਥ** ਪੰਨਾ 1300
3. ਬਿਲਾਵਲ ਮਹਲਾ 5, **ਆਦਿ ਗਰੰਥ** ਪੰਨਾ 821
4. ਗੋਂਡ ਮਹਲਾ 5, **ਆਦਿ ਗਰੰਥ,** ਪੰਨਾ 867
5. ਮਹਲਾ 4. **ਆਦਿ ਗਰੰਥ,** ਪੰਨਾ 1423
6. ਪ੍ਰਭਾਤੀ ਮਹਲਾ 1, **ਆਦਿ ਗਰੰਥ,** 1342
7. ਰਾਮਕਲੀ ਮਹਲਾ 5, **ਆਦਿ ਗਰੰਥ,** 885
8. ਵਾਰ ਰਾਮਕਲੀ ਮਹਲਾ 5, **ਆਦਿ ਗਰੰਥ,** ਪੰਨਾ 958
9. ਗਉੜੀ ਗੁਆਰੇਰੀ ਮਹਲਾ 3, **ਆਦਿ ਗਰੰਥ,** ਪੰਨਾ 158
10. ਗਉੜੀ ਸੁਖਮਨੀ ਮਹਲਾ 5, ਅਸ਼ਟਪਦੀ 6, ਪੰਨਾ 270
11. ਗਉੜੀ ਪੂਰਬੀ ਮਹਲਾ 5, ਪੰਨਾ 172
12. ਸਿਰੀ ਰਾਗ ਮਹਲਾ 3, ਪੰਨਾ 68

# ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ ਭਾਈ ਮਰਦਾਨਾ ਜੀ

ਪ੍ਰੋ. ਸ਼ਮਸ਼ਾਦ ਅਲੀ

ਸਮੁੱਚੇ ਸਿੱਖ ਜਗਤ ਵਿਚ ਸ਼ਾਇਦ ਹੀ ਕੋਈ ਵਿਅਕਤੀ ਅਜਿਹਾ ਹੋਵੇ ਜੋ ਭਾਈ ਮਰਦਾਨੇ ਦਾ ਨਾਮ ਨਾ ਜਾਣਦਾ ਹੋਵੇ। ਭਾਈ ਮਰਦਾਨਾ ਉਹ ਸ਼ਖਸ ਸੀ ਜਿਸ ਨੂੰ ਗੁਰੂ ਘਰ ਦਾ ਪ੍ਰਥਮ ਕੀਰਤਨੀਆ ਹੋਣ ਦਾ ਮਾਣ ਹਾਸਿਲ ਹੈ। ਪੰਜਾਬ ਦੀ ਮਹਾਨ ਸੰਗੀਤ ਪਰੰਪਰਾ ਵਿਚ ਭਾਈ ਮਰਦਾਨੇ ਦਾ ਨਾਮ ਪਿਤਾਮਾ ਵਜੋਂ ਸਤਿਕਾਰਿਆ ਜਾਂਦਾ ਹੈ।

ਭਾਈ ਮਰਦਾਨੇ ਦਾ ਜਨਮ 1469 ਈ: ਨੂੰ ਰਾਏ ਭੋਇ ਦੀ ਤਲਵੰਡੀ ਵਿਖੇ ਹੋਇਆ ਜੋ ਅੱਜ ਕਲ੍ਹ ਪਾਕਿਸਤਾਨ ਵਿਚ ਹੈ ਅਤੇ ਇਹ ਨਗਰ ਨਨਕਾਣਾ ਸਾਹਿਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹਨਾਂ ਦੇ ਪਿਤਾ ਦਾ ਨਾਮ 'ਬਾਦਰਾ' ਅਤੇ ਮਾਤਾ ਦਾ ਨਾਮ ਲੱਖੋ ਸੀ। ਭਾਈ ਮਰਦਾਨਾ ਜੀ ਮਰਾਸੀ ਜਾਤੀ ਨਾਲ ਸਬੰਧ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਦਾ ਸਾਥੀ ਸੀ ਅਤੇ ਗੁਰੂ ਜੀ ਦੇ ਪ੍ਰਤੀ ਬਹੁਤ ਸ਼ਰਧਾ ਰੱਖਦਾ ਸੀ। ਗੁਰੂ ਜੀ ਨੇ ਮਰਦਾਨੇ ਦੇ ਸੰਗੀਤਕ ਗੁਣਾਂ ਨੂੰ ਦੇਖ ਕੇ ਸੰਗੀਤ ਵਿਚ ਪ੍ਰਬੀਨਤਾ ਹਾਸਲ ਕਰਨ ਲਈ ਭਾਈ ਮਰਦਾਨੇ ਨੂੰ ਭਾਈ ਫਿਰੰਦੇ (ਜੋ ਭਾਈ ਫੇਰੂ ਦੇ ਨਾਮ ਤੋਂ ਵੀ ਪ੍ਰਸਿੱਧ ਸੀ) ਕੋਲ ਭੇਜਿਆ। ਭਾਈ ਫਿਰੰਦਾ ਰਿਆਸਤ ਕਪੂਰਥਲੇ ਦੇ ਇਕ ਪਿੰਡ ਭੈਰੋਆਣੇ ਦਾ ਵਸਨੀਕ ਸੀ। ਉਹ ਆਪਣੇ ਸਮੇਂ ਦਾ ਇਕ ਮਹਾਨ ਸੰਗੀਤਕਾਰ ਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਹਾਰਦਿਕ ਸ਼ਰਧਾਲੂ ਸੀ। ਉਸ ਨੇ ਗੁਰੂ ਜੀ ਨੂੰ ਇਕ ਵਿਸ਼ੇਸ਼ ਪ੍ਰਕਾਰ ਦਾ ਰਬਾਬ ਭੇਂਟ ਕੀਤਾ ਜਿਸ ਨੂੰ ਭਾਈ ਮਰਦਾਨਾ ਜੀ ਵਜਾਇਆ ਕਰਦੇ ਸਨ।

ਗੁਰੂ ਸਾਹਿਬ ਜੀ ਜਦੋਂ ਇਲਾਹੀ ਬਾਣੀ ਦਾ ਕੀਰਤਨ ਕਰਦੇ ਤਾਂ ਭਾਈ ਮਰਦਾਨਾ ਰਬਾਬ ਵਾਦਨ ਦੁਆਰਾ ਉਹਨਾਂ ਦੀ ਸੰਗਤ ਕਰਦਾ ਤੇ ਕੀਰਤਨ ਵਿਚ ਉਹਨਾ ਦਾ ਸਾਥ ਦਿੰਦਾ ਸੀ। ਰਬਾਬ ਵਜਾਉਣ ਕਰਕੇ ਭਾਈ ਮਰਦਾਨੇ ਦੇ ਨਾਮ ਨਾਲ ਰਬਾਬੀ ਸ਼ਬਦ ਜੁੜ ਗਿਆ ਅਤੇ ਉਹਨਾਂ ਦੀ ਕੁਲ ਅਤੇ ਸੰਪਰਦਾ ਨਾਲ ਸਬੰਧ ਰੱਖਣ ਵਾਲੇ ਕੀਰਤਨੀਆਂ ਨੂੰ ਰਬਾਬੀ ਕਿਹਾ ਜਾਂਦਾ ਹੈ। ਗੁਰੂ ਜੀ ਦੀ ਅਪਾਰ ਕਿਰਪਾ ਅਤੇ ਮਹਾਨ ਸੰਗੀਤਕਾਰ ਕੋਲੋਂ ਸਿਖਿਆ ਲੈਣ ਸਦਕਾ ਭਾਈ ਮਰਦਾਨੇ ਦੇ ਰਬਾਬ ਵਾਦਨ ਵਿਚ ਅਦਭੁੱਤ ਚਮਤਕਾਰ ਸੀ ਉਸ ਵਿਚ ਅਗੰਮੀ ਖਿੱਚ ਵਿਸਮਾਦੀ ਰੰਗ ਅਤੇ ਕਹਿਰਾਂ ਦੀ ਸੋਜ਼ ਸੀ।

ਭਾਈ ਮਰਦਾਨਾ ਗੁਰੂ ਜੀ ਦਾ ਪੱਕਾ ਸਾਥੀ ਸੀ ਜੋ ਹਮੇਸ਼ਾ ਉਹਨਾਂ ਦੇ ਨਾਲ ਰਿਹਾ ਅਤੇ ਹਰ ਦੁੱਖ, ਮੁਸੀਬਤ, ਔਕੜ ਨੂੰ ਨਾਲ ਰਹਿੰਦਿਆਂ ਝੱਲਿਆ। ਭਾਈ ਮਰਦਾਨਾ

ਜੀ ਦੇਸ਼, ਵਿਦੇਸ਼ਾਂ ਵਿਚ ਗੁਰੂ ਜੀ ਦੇ ਨਾਲ ਗਏ ਅਤੇ ਰੱਬੀ ਬਾਣੀ ਦਾ ਕੀਰਤਨ ਕਰਦੇ ਰਹੇ। ਇਸ ਗੱਲ ਦੀ ਪੁਸ਼ਟੀ ਭਾਈ ਗੁਰਦਾਸ ਦੇ ਇਸ ਕਥਨ ਤੋਂ ਭਲੀ-ਭਾਂਤ ਹੋ ਜਾਂਦੀ ਹੈ :-

ਫਿਰ ਬਾਬਾ ਗਿਆ ਬਗਦਾਦ ਨੋ ਬਾਹਰ ਜਾਇ ਕੀਆ ਅਸਥਾਨਾ ॥
ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।

ਭਾਈ ਮਰਦਾਨੇ ਨੂੰ ਰਬਾਬ ਵਜਾਉਣ ਵਿਚ ਕਮਾਲ ਹਾਸਲ ਸੀ ਅਤੇ ਉਹ ਮਹਾਨ ਕੀਰਤਨਕਾਰ ਸੀ। ਸ੍ਰੀ ਗੁਰੂ ਗਰੰਥ ਸਾਹਿਬ ਵਿਚ 'ਮਰਦਾਨਾ ਮਹਲ ੧' ਸਿਰਲੇਖ ਅਧੀਨ ਦੋ ਰੂਪਕ ਅਲੰਕਾਰ ਦੇ ਸਲੋਕ[1] ਰਾਗ ਬਿਹਾਗੜਾ ਦੀ ਵਾਰ ਵਿਚ ਮਿਲਦੇ ਹਨ*। ਜੋ ਭਾਈ ਮਰਦਾਨੇ ਅਤੇ ਗੁਰੂ ਜੀ ਦੇ ਅਧਿਆਤਮਿਕ ਸਵਾਲ ਵਜੋਂ ਸਾਹਿਤਕ ਵਿਚਾਰਧਾਰਾ ਦੇ ਵੀ ਪ੍ਰਤੀਕ ਹਨ। ਭਾਈ ਮਰਦਾਨੇ ਦੀ ਮਿਹਨਤ, ਲਗਨ ਅਤੇ ਗੁਰੂ ਜੀ ਪ੍ਰਤੀ ਸ਼ਰਧਾ ਅਤੇ ਪ੍ਰੇਮ ਸਦਕਾ ਗੁਰੂ ਘਰ ਵਿਚ ਰਬਾਬੀਆਂ ਦੀ ਇਕ ਖਾਸ ਜਗ੍ਹਾ ਬਣ ਗਈ।

ਭਾਈ ਮਰਦਾਨੇ ਦੇ ਪ੍ਰਲੋਕ ਸਿਧਾਰਣ ਬਾਰੇ ਇਤਿਹਾਸਕਾਰਾਂ ਵਿਚ ਮੱਤ ਭੇਦ ਹਨ। ਕੁੱਝ ਦਾ ਵਿਚਾਰ ਹੈ ਕਿ ਮਰਦਾਨੇ ਦਾ ਦਿਹਾਂਤ ਕਰਤਾਰਪੁਰ ਵਿਖੇ ਹੋਇਆ ਅਤੇ ਕੁੱਝ ਹੋਰਨਾਂ ਦਾ ਵਿਚਾਰ ਹੈ ਕਿ ਉਨਾਂ ਦਾ ਦਿਹਾਂਤ ਬਗਦਾਦ ਵਿਚ ਹੋਇਆ। ਡਾ: ਬਲਬੀਰ ਸਿੰਘ ਜੀ ਨੇ ਆਪਣੇ ਲੇਖ ਰਬਾਬ ਵਿਚ ਮਰਦਾਨੇ ਦੇ ਦਿਹਾਂਤ ਬਾਰੇ ਇਸ ਤਰ੍ਹਾਂ ਲਿਖਿਆ ਹੈ :—ਮੈਕਾਲਫ ਸਾਹਿਬ ਦੇ ਅਨੁਸਾਰ, ਗੁਰੂ ਜੀ ਨੇ ਮਰਦਾਨੇ ਨੂੰ ਕਿਹਾ, "ਬ੍ਰਾਹਮਣ ਦੀ ਦੇਹੀ ਜਲ-ਪਰਵਾਹ ਕੀਤੀ ਜਾਂਦੀ ਹੈ, ਖੱਤਰੀ ਦੀ ਅੱਗ ਵਿਚ ਸਾੜੀ ਜਾਂਦੀ ਹੈ, ਵੈਸ਼ ਦੀ ਪੌਣ ਵਿਚ ਸੁੱਟੀ ਜਾਂਦੀ ਹੈ ਅਤੇ ਸ਼ੂਦਰ ਦੀ ਦਬਾਈ ਜਾਂਦੀ ਹੈ। ਤੇਰੀ ਦੇਹੀ ਨੂੰ ਜਿੱਦਾਂ ਤੂੰ ਕਹੇਂ ਤੇਰੀ ਇੱਛਾ ਅਨੁਸਾਰ ਕਰਾਂਗੇ।" ਮਰਦਾਨੇ ਨੇ ਉਤਰ ਦਿੱਤਾ, "ਮਹਾਰਾਜ ਤੁਹਾਡੇ ਉਪਦੇਸ਼ ਨਾਲ ਮੇਰਾ ਦੇਹ ਅਭਿਮਾਨ ਉਕਾ ਹੀ ਦੂਰ ਹੋ ਗਿਆ ਹੈ। ਚੌਹਾਂ ਵਰਨਾਂ ਦੀਆਂ ਦੇਹੀਆਂ ਦੇ ਅੰਤਮ ਸੰਸਕਾਰ ਦੇ ਢੰਗ ਵੀ ਹੰਕਾਰ ਨਾਲ ਸਬੰਧ ਰੱਖਦੇ ਹਨ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ ਅਤੇ ਮੈਨੂੰ ਦੇਹੀ ਦਾ ਖਿਆਲ ਹੀ ਨਹੀਂ। ਜਿਵੇਂ ਤੁਹਾਡੀ ਇੱਛਾ ਹੋਵੇ ਤਿਵੇਂ ਹੀ ਕਰੋ।" ਤਦ ਗੁਰੂ ਜੀ ਨੇ ਕਿਹਾ, "ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿਚ ਮਸ਼ਹੂਰ ਕਰੀਏ।" ਮਰਦਾਨੇ ਕਿਹਾ, "ਜਦ ਮੇਰੀ ਆਤਮਾ ਸਰੀਰ ਰੂਪੀ ਸਮਾਧ ਵਿਚੋਂ ਨਿਕਲ ਜਾਏਗੀ ਤਾਂ ਉਸ ਨੂੰ ਫਿਰ ਪੱਥਰ ਦੀ ਸਮਾਧ ਵਿਚ ਕਿਉਂ ਪਾਂਵਦੇ ਹੋ ?" ਗੁਰੂ ਜੀ ਨੇ ਕਿਹਾ, "ਤੂੰ ਬ੍ਰਹਮ ਨੂੰ ਪਛਾਣਿਆ ਹੈ ਇਸ ਲਈ ਤੂੰ ਅਸਲੀ ਬ੍ਰਹਮਣ ਹੈਂ ਅਸੀਂ ਤੇਰੀ ਦੇਹੀ ਰਾਵੀ ਦਰਿਆ ਵਿਚ ਜਲ-ਪਰਵਾਹ ਕਰਾਂਗੇ।" ਭਾਈ ਮਰਦਾਨੇ ਦੇ ਦਿਹਾਂਤ ਦੀ ਤਾਰੀਖ ਵਿਚ ਵੀ ਮਤਭੇਦ ਹੈ ਪਰ ਬਹੁਤ ਵਿਦਵਾਨਾਂ ਦੇ ਮੱਤ ਅਨੁਸਾਰ ਭਾਈ ਮਰਦਾਨੇ ਦਾ ਦਿਹਾਂਤ 1534 ਈ.

ਨੂੰ ਹੋਇਆ ਅਤੇ ਗੁਰੂ ਨਾਨਕ ਦੇਵ ਜੀ ਨੇ ਉਨਾਂ ਦੀ ਦੇਹ ਦਾ ਅੰਤਿਮ ਸੰਸਕਾਰ ਆਪਣੇ ਹੱਥੀਂ ਕੀਤਾ।

ਭਾਈ ਮਰਦਾਨੇ ਦੀ ਮੌਤ ਤੋਂ ਬਾਅਦ ਉਹਨਾਂ ਦਾ ਲੜਕਾ 'ਸ਼ਹਿਜ਼ਾਦਾ' ਗੁਰੂ ਨਾਨਕ ਦੇਵ ਜੀ ਦੇ ਦੀਵਾਨ ਵਿਚ ਰਬਾਬ ਵਜਾ ਕੇ ਹਾਜ਼ਰੀ ਲਵਾਉਂਦਾ ਰਿਹਾ। ਗੁਰੂ ਨਾਨਕ ਦੇਵ ਜੀ ਨੇ ਸਿੱਖ ਸੰਸਥਾ ਨੂੰ ਅੱਗੇ ਤੋਰਨ ਲਈ ਗੁਰਬਾਣੀ ਕੀਰਤਨ ਨੂੰ ਇਸ ਦਾ ਅਟੁੱਟ ਅੰਗ ਬਣਾ ਦਿੱਤਾ। ਇਸੇ ਲਈ ਗੁਰੂ ਨਾਨਕ ਦੇਵ ਜੀ ਨੇ ਜਦੋਂ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਦਿੱਤੀ ਤਾਂ ਕੀਰਤਨ ਕਰਨ ਲਈ ਰਬਾਬੀ ਬਲਵੰਡ ਵੀ ਨਾਲ ਭੇਜਿਆ ਅਤੇ ਉਹਨਾਂ ਨੇ ਇਸ ਰਬਾਬੀ ਦਾ ਖਾਸ ਖਿਆਲ ਰੱਖਣ ਦੀ ਹਦਾਇਤ ਵੀ ਕੀਤੀ। ਐਸਾ ਸਥਾਨ ਭਾਈ ਮਰਦਾਨੇ ਨੇ ਰਬਾਬੀਆਂ ਦਾ ਗੁਰੂ ਘਰ ਵਿਚ ਬਣਾਇਆ ਜਿਸ ਸਦਕਾ ਬਾਕੀ ਗੁਰੂ ਸਾਹਿਬਾਨ ਦੇ ਸਮੇਂ ਵਿਚ ਰਬਾਬੀ ਕੀਰਤਨਕਾਰਾਂ ਦਾ ਗੁਰੂ ਘਰ ਵਿਚ ਬਹੁਤ ਸਤਿਕਾਰ ਕੀਤਾ ਗਿਆ। ਰਬਾਬੀ ਖਾਨਦਾਨ ਦਾ ਜੋ ਗੁਰਮਤਿ ਸੰਗੀਤ ਵਿਚ ਯੋਗਦਾਨ ਹੈ ਉਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ।

———————

## ਪਦ ਟਿੱਪਣੀਆਂ

1. ਆਦਿ ਗਰੰਥ, ਬਿਹਾਗੜਾ ਦੀ ਵਾਰ ਮਹਲਾ 1—ਪੰਨਾ 553.

* ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਇਹ ਸਲੋਕ ਕੇਵਲ ਮਰਦਾਨੇ ਨੂੰ ਸੰਬੋਧਨ ਕੀਤੇ ਗਏ ਹਨ।

# ਗੁਰਮਤਿ ਸੰਗੀਤ ਦੀ ਵਿਲੱਖਣਤਾ

ਗੁਰਨਾਮ ਸਿੰਘ (ਡਾ.)

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪੂਰਵਲੀਆਂ ਭਿੰਨ-ਭਿੰਨ ਸੰਗੀਤ ਪਰੰਪਰਾਵਾਂ ਦੇ ਅਧਿਐਨ ਤੋਂ ਇਹ ਤੱਤ ਭਲੀ ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤਕ ਭਾਰਤੀ ਸੰਗੀਤ ਦੀ ਇਕ ਵਿਸ਼ਾਲ ਅਤੇ ਮਹਾਨ ਪਰੰਪਰਾ ਮੌਜੂਦ ਸੀ। ਵੱਖ-ਵੱਖ ਧਾਰਮਿਕ ਸੰਪ੍ਰਦਾਵਾਂ ਅਤੇ ਸੰਤ ਭਗਤ ਕਵੀਆਂ ਦੁਆਰਾ ਸੰਗੀਤ ਦੇ ਪ੍ਰਯੋਗ ਤੋਂ ਭਗਤੀ ਸੰਗੀਤ ਦੀ ਇਕ ਅੱਡਰੀ ਪਰੰਪਰਾ ਨਜ਼ਰ ਆਉਣ ਲੱਗ ਪਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਵੇਂ ਭਾਰਤੀ ਧਰਮ ਦਰਸ਼ਨ ਦੇ ਖੇਤਰ ਵਿਚ ਇਕ ਨਵੀਨ ਪੱਥ ਦੀ ਸਿਰਜਣਾ ਕੀਤੀ ਉਸੇ ਤਰ੍ਹਾਂ ਉਨ੍ਹਾਂ ਨੇ ਆਪਣੇ ਧਰਮ ਦੇ ਪ੍ਰਚਾਰ ਅਤੇ ਵਿਕਾਸ ਲਈ ਨਵੀਆਂ-ਨਵੀਆਂ ਸੰਚਾਰ ਜੁਗਤਾਂ ਦਾ ਇਸਤੇਮਾਲ ਵੀ ਕੀਤਾ। ਉਨ੍ਹਾਂ ਦੁਆਰਾ ਸਿਰਜਤ ਸੰਚਾਰ ਦਾ ਇਹ ਵਿਲੱਖਣ ਪ੍ਰਬੰਧ ਵਿਗਿਆਨਕ ਵਿਸ਼ਿਸ਼ਟਤਾਵਾਂ ਸਹਿਤ ਉਜਾਗਰ ਹੁੰਦਾ ਹੋਇਆ ਵਿਲੱਖਣ ਰੂਪ ਵਿਚ ਵਿਕਸਿਤ ਹੋਇਆ। ਇਹ ਸੰਚਾਰ ਪ੍ਰਬੰਧ ਕੇਂਦਰੀ ਅਤੇ ਮੂਲ ਜੁਗਤ ਸੰਗੀਤ ਉਪਰ ਹੀ ਆਧਾਰਿਤ ਸੀ।

'ਸ਼ਬਦ-ਕੀਰਤਨ' ਦੀ ਇਸ ਪਰੰਪਰਾ ਵਿਚ ਭਾਰਤੀ ਸੰਗੀਤ ਦੇ ਵਿਭਿੰਨ ਤੱਤਾਂ ਨੂੰ ਮੌਲਿਕ ਪ੍ਰਯੋਗ ਦੇ ਧਾਰਣੀ ਬਣਾਉਂਦਿਆਂ ਨਵੀਨ ਅਰਥ ਦਿੱਤੇ ਗਏ ਹਨ। ਇਸ ਨਵੀਨਤਾ ਸਦਕਾ ਇਹ ਪਰੰਪਰਾ ਆਪਣੀਆਂ ਸਮਕਾਲੀਨ ਧਾਰਮਿਕ ਅਤੇ ਸੰਗੀਤ ਦੀਆਂ ਪਰੰਪਰਾਵਾਂ ਨਾਲੋਂ ਸਹਿਜੇ ਹੀ ਅੱਲਗ ਹੋ ਜਾਂਦੀ ਹੈ। ਇਸ ਵਿਭਿੰਨਤਾ ਦਾ ਮੁੱਖ ਕਾਰਣ ਗੁਰੂ ਸਾਹਿਬਾਨ ਅਤੇ ਵਿਸ਼ੇਸ਼ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਬਾਣੀ/ਸ਼ਬਦ ਦੀ ਪ੍ਰਸਤੁਤੀ ਦਾ ਸੁਨਿਸ਼ਚਿਤ ਪ੍ਰਬੰਧ ਦੀ ਸਿਰਜਣਾ ਹੈ। ਗੁਰੂ ਸਾਹਿਬ ਦੁਆਰਾ ਦਰਸਾਈ ਗਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਗੀਤ ਪ੍ਰਬੰਧ ਉਪਰ 'ਸ਼ਬਦ ਕੀਰਤਨ' ਦੀ ਇਸ ਪ੍ਰਸਤੁਤੀ ਦੀ ਸਿਧਾਂਤਕ ਅਤੇ ਵਿਵਹਾਰਕ ਪਰੰਪਰਾ ਨੂੰ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਕੇਂਦਰੀ ਇਕਾਈ 'ਸ਼ਬਦ' ਹੈ। ਗੁਰੂ ਸਾਹਿਬਾਨ ਨੇ ਸ਼ਬਦ ਨੂੰ ਲੋਕਾਈ ਤਕ ਸੰਚਾਰਿਤ ਕਰਨ ਲਈ ਸੰਗੀਤ ਨੂੰ ਮਾਧਿਅਮ ਵਜੋਂ ਅਪਣਾਇਆ। ਸ਼ਬਦ ਦੀ ਪ੍ਰਸਤੁਤੀ ਲਈ ਜਿਸ ਵਿਧਾਨ ਦੀ ਸਿਰਜਣਾ ਕੀਤੀ ਗਈ ਉਸ ਸਮੁੱਚੇ ਪ੍ਰਬੰਧ ਨੂੰ 'ਗੁਰਮਤਿ ਸੰਗੀਤ ਪ੍ਰਬੰਧ' ਕਿਹਾ ਜਾਂਦਾ ਹੈ। ਇਸ ਸੰਗੀਤ ਪ੍ਰਬੰਧ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਸੰਗੀਤਕ ਤੱਤ ਰਾਗ, ਗਾਇਨ ਸ਼ੈਲੀਆਂ, ਰਹਾਉ, ਅੰਕ ਅਤੇ ਹੋਰ ਸੰਗੀਤ ਦੀ ਵਿਲੱਖਣਤਾ ਨੂੰ ਜਾਣਨ ਲਈ ਅਤੇ ਗੁਰਬਾਣੀ ਅੰਤਰਨਿਹਿਤ ਪਰਮਸਤਿ ਦੇ ਬੋਧ ਲਈ ਇਸ ਦੇ ਸੰਗੀਤ ਪ੍ਰਬੰਧ ਦੀਆਂ ਵਿਭਿੰਨ ਇਕਾਈਆਂ ਨਾਲ ਸਾਂਝ ਅਤਿ ਜ਼ਰੂਰੀ ਹੈ।

**ਰਾਗ:-** ਸ਼ਬਦ ਦੀ ਪ੍ਰਸਤੁਤੀ ਦਾ ਇਕ ਮਹੱਤਵਪੂਰਨ ਅਤੇ ਮੁੱਖ ਤੱਤ ਰਾਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗ ਸਿਰਲੇਖ ਵਜੋਂ ਵਿਦਮਾਨ ਹਨ ਜੋ ਪ੍ਰਸਤੁਤਕਾਰ ਲਈ

ਸ਼ਬਦ ਨੂੰ ਨਿਰਧਾਰਿਤ ਰਾਗ ਅਧੀਨ ਗਾਇਨ ਕਰਨ ਦਾ ਨਿਰਦੇਸ਼ ਹਨ। ਰਾਗ ਸੰਬੰਧੀ ਬਾਣੀ ਵਿੱਚ ਕਈ ਕਿਸਮ ਦੇ ਫ਼ੁਰਮਾਨ ਅੰਕਿਤ ਹਨ:

– ਸਭਨਾਂ ਰਾਗਾਂ ਵਿਚਿ ਸੋ ਭਲਾ ਭਾਈ
ਜਿਤੁ ਵਸਿਆ ਮਨਿ ਆਇ।। •
ਰਾਗੁ ਨਾਦੁ ਸਭੁ ਸਚੁਹੈ ਕੀਮਤਿ ਕਹੀ ਨ ਜਾਇ।।
ਰਾਗੈ ਨਾਦੈ ਬਾਹਰਾ ਇਨੀ ਹੁਕਮੁ ਨ ਬੂਝਿਆ ਜਾਇ।।
ਨਾਨਕ ਹੁਕਮੈ ਬੂਝੈ ਤਿਨਾ ਰਾਸਿ ਹੋਇ
ਸਤਿਗੁਰ ਤੇ ਸੋਝੀ ਪਾਇ।।[1]

– ਰਾਗ ਨਾਦ ਸਬਦਿ ਸੋਹਣੇ
ਜਾ ਲਾਗੈ ਸਹਜਿ ਧਿਆਨੁ।।[2]

– ਧੰਨੁ ਸੁ ਰਾਗ ਸੁਰੰਗੜੇ
ਆਲਾਪਤ ਸਭ ਤਿਖ ਜਾਇ।।[3]

"ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ।।
ਏਕਾ ਦੇਸੀ ਏਕੁ ਦਿਖਾਵੈ ਏਕੋ ਰਹਿਆ ਬਿਆਪੈ।।
ਏਕਾ ਸੁਰਤਿ ਏਕਾ ਹੀ ਸੇਵਾ ਏਕੋ ਗੁਰ ਤੇ ਜਾਪੈ।।[4]

– ਰਾਗਿ ਨਾਦਿ ਮਨੁ ਦੂਜੈ ਭਾਇ
ਅੰਤਰਿ ਕਪਟੁ ਮਹਾ ਦੁਖੁ ਪਾਇ।।[5]

ਇਹਨਾਂ ਫ਼ੁਰਮਾਨਾਂ ਤੋਂ ਰਾਗ ਦੇ ਮਹੱਤਵ ਅਤੇ ਸਹੀ ਪ੍ਰਯੋਗ ਵਿਧੀ ਸਪਸ਼ਟ ਪ੍ਰਾਪਤ ਹੁੰਦੀ ਹੈ। ਇਸ ਵਿਚ ਰਾਗ ਦੀ ਨਾਦਾਤਮਕ ਸ਼ਕਤੀ ਨੂੰ ਸਵੀਕਾਰਿਆ ਗਿਆ ਹੈ ਅਤੇ ਰਾਗ ਉਸੇ ਨੂੰ ਚੰਗਾ ਅਤੇ ਉੱਤਮ ਦੱਸਿਆ ਗਿਆ ਹੈ ਜਿਸ ਦੇ ਗਾਇਨ ਕਰਨ ਨਾਲ ਸਭ ਤ੍ਰਿਸ਼ਨਾਵਾਂ ਮਿਟ ਜਾਣ ਅਤੇ ਉਸ ਪ੍ਰਭੂ ਪ੍ਰਮਾਤਮਾ ਦੀ ਯਾਦ ਮਨ ਵਿਚ ਵਸ ਜਾਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਆਧਾਰ ਵੀ ਰਾਗਾਤਮਕ ਹੈ। ਇਹ ਰਾਗ ਕੇਵਲ ਵਿਖਾਵੇ ਜਾਂ ਨਾਮ ਮਾਤਰ ਹੀ ਨਹੀਂ ਸਗੋਂ ਸ਼ਬਦ ਦੇ ਭਾਵ ਅਤੇ ਸੰਗੀਤ ਸ਼ਾਸਤਰ ਅਨੁਸਾਰ ਅਤਿ ਢੁੱਕਵੇਂ ਹਨ। ਬਾਣੀ ਦੀ ਪ੍ਰਕ੍ਰਿਤੀ ਅਤੇ ਰਾਗ ਦੀ ਪ੍ਰਕ੍ਰਿਤੀ ਵਿਚ ਅਟੁੱਟ ਸਾਂਝ ਹੈ। ਇਸ ਸਾਂਝ ਨੂੰ ਕਾਇਮ ਰੱਖਣ ਲਈ ਗੁਰੂ ਸਾਹਿਬਾਨ ਨੇ ਰਾਗ ਦੇ ਕਈ ਸਰੂਪਾਂ ਨੂੰ ਪ੍ਰਯੋਗ ਵਿਚ ਲਿਆਂਦਾ ਹੈ ਜਿਵੇਂ, ਗਉੜੀ ਗੁਆਰੇਰੀ, ਗਉੜੀ ਚੇਤੀ, ਗਉੜੀ ਮਾਝ ਆਦਿ।

**ਅੰਕੁ**:– ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦਾਂ ਨੂੰ ਵਿਭਿੰਨ ਅੰਕਾਂ ਦੁਆਰਾ ਵਿਭਾਜਿਤ

---

1. ਸਲੋਕ ਮਹਲਾ 4, ਆਦਿ ਗ੍ਰੰਥ, ਪੰਨਾ 1423
2. ਮਹਲਾ 3, ਆਦਿ ਗ੍ਰੰਥ, ਪੰਨਾ 849
3. ਵਾਰ ਰਾਮਕਲੀ ਮਹਲਾ 5, ਆਦਿ ਗ੍ਰੰਥ, ਪੰਨਾ 958
4. ਰਾਮਕਲੀ ਮਹਲਾ 5, ਉਹੀ ਪੰਨਾ, 885
5. ਪ੍ਰਭਾਤੀ ਮਹਲਾ 1, ਉਹੀ, ਪੰਨਾ 1342

ਕੀਤਾ ਗਿਆ ਹੈ। ਸ਼ਬਦ ਵਿਚ ਰਹਾਉ ਦੀ ਤੁਕ ਤੋਂ ਬਿਨਾ ਬਾਕੀ ਤੁਕਾਂ ਦੀ ਸਮਾਪਤੀ ਤੇ ੧, ੨, ੩, ੪ ਆਦਿ ਅੰਕ ਮਿਲਦੇ ਹਨ ਜੋ ਅੰਤਰਿਆਂ ਦੇ ਸੂਚਕ ਹਨ ਤਾਂ ਕਿ ਗੁਰਮਤਿ ਸੰਗੀਤ ਵਿਧਾਨ ਅਨੁਸਾਰ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਹੋ ਸਕੇ। ਇਨ੍ਹਾਂ ਅੰਕਾਂ ਵਿਚ ਇਕ ਤੁਕ ਤੋਂ ਇਲਾਵਾ ਦੋ ਜਾਂ ਤਿੰਨ ਤੁਕਾਂ ਵੀ ਪਾਈਆਂ ਜਾਂਦੀਆਂ ਹਨ। ਇਹਨਾਂ ਅੰਕਾਂ ਤੋਂ ਸ਼ਬਦ ਦੀ ਸੰਬੰਧਿਤ ਕਾਵਿ-ਸ਼ੈਲੀ ਅਤੇ ਗਾਇਨ ਸ਼ੈਲੀ ਦਾ ਵੀ ਗਿਆਨ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਚਉਪਦੇ ਵਿਚ ਚਾਰ ਪਦੇ, ਦੁਪਦੇ ਵਿਚ ਦੋ ਪਦੇ ਅਤੇ ਅਸਟਪਦੀ ਵਿਚ ਅੱਠ ਪਦੇ ਹੁੰਦੇ ਹਨ। ਇਨ੍ਹਾਂ ਪਦਿਆਂ ਦੀ ਗਿਣਤੀ ਸਾਨੂੰ ਅੰਕਾਂ ਤੋਂ ਪਤਾ ਲੱਗਦੀ ਹੈ ਕਿ ਇਸ ਸ਼ਬਦ ਦੇ ਕੁੱਲ ਕਿੰਨੇ ਬੰਦ ਹਨ। ਇਹ ਅੰਕ ਜਾਂ ਅੰਤਰੇ ਦੀ ਤੁਕ ਦਾ ਸੰਬੰਧ ਰਹਾਉ ਦੀ ਤੁਕ ਨਾਲ ਹੈ ਜੋ ਰਹਾਉ ਦੀ ਤੁਕ ਦੇ ਕੇਂਦਰੀ ਭਾਵ ਨੂੰ ਦ੍ਰਿੜ ਕਰਵਾਉਣ ਲਈ ਉਪਜਿਤ ਸਮੱਸਿਆ ਦਾ ਸਮਾਧਾਨ ਲਈ ਪ੍ਰਮਾਣ, ਦਲੀਲਾਂ, ਉਕਤੀਆਂ ਅਤੇ ਉਦਾਹਰਣਾਂ ਦਾ ਰੂਪ ਹਨ।

ਸ਼ਬਦ ਵਿਚ ਹਰ ਅੰਤਰੇ ਤੋਂ ਬਾਅਦ ਰਹਾਉ ਦੀ ਤੁਕ ਤੇ ਆਉਣ ਦੀ ਪ੍ਰਕ੍ਰਿਆ ਸਰੋਤੇ ਦੇ ਮਨ ਤੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਦਾ ਬੋਧ ਕਰਵਾਉਣ ਹਿੱਤ ਰੌਸ਼ਨੀ ਪ੍ਰਦਾਨ ਕਰਦੀ ਹੈ।

**ਰਹਾਉ**:- ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ। ਬਾਣੀ ਦੀ ਵਿਚਾਰ ਦੇ ਸੰਦਰਭ ਵਿਚ ਜਿੱਥੇ ਰਹਾਉ ਦੀ ਤੁਕ ਅਹਿਮ ਭੂਮਿਕਾ ਨਿਭਾਉਂਦੀ ਹੈ ਉਥੇ ਸੰਗੀਤਕ ਸੰਚਾਰ ਲਈ ਰਹਾਉ ਕੇਂਦਰੀ ਧੁਰਾ ਹੈ। ਮੱਧਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚਲਿਤ ਪ੍ਰਬੰਧ ਅਤੇ ਧਰੁਪਦ ਗਾਇਨ ਸ਼ੈਲੀ ਦਾ ਇਕ ਧਾਤੂ 'ਧਰੁਵ' ਹੈ ਜਿਸ ਨੂੰ 'ਅਚਲ' ਜਾਂ 'ਚਿਰਸਥਾਈ' ਕਿਹਾ ਗਿਆ ਹੈ। ਧਰੁਵ ਦਾ ਹੀ ਦੂਸਰਾ ਰੂਪ ਰਹਾਉ ਹੈ ਜੋ ਵਿਚਾਰ, ਗਾਇਨ ਦੇ ਸੰਦਰਭ ਵਿਚ ਹਮੇਸ਼ਾਂ ਕਾਰਜਸ਼ੀਲ ਰਹਿੰਦਾ ਹੈ। ਰਹਾਉ ਨੂੰ ਟੇਕ ਸ਼ਬਦ ਨਾਲ ਵੀ ਪਰਿਭਾਸ਼ਿਤ ਕੀਤਾ ਜਾਂਦਾ ਹੈ। ਮੱਧਕਾਲੀਨ ਸੰਤ ਭਗਤ ਕਵੀਆਂ ਨੇ ਵੀ ਆਪਣੀਆਂ ਰਚਨਾਵਾਂ ਲਈ ਰਹਾਉ ਲਈ ਧਰੁਵ[1] ਟੇਕ[2] ਸ਼ਬਦ ਦਾ ਪ੍ਰਯੋਗ ਕੀਤਾ ਹੈ। ਅਠਾਰਵੀਂ ਸਦੀ ਦੇ ਕਵੀ ਦਾਦੂ, ਕਾਨ੍ਹ, ਸ਼ਾਹ ਹੁਸੈਨ, ਸ਼ਾਹ ਸ਼ਰਫ਼ ਦੀਆਂ ਰਚਨਾਵਾਂ ਵਿਚ ਵੀ ਰਹਾਉ ਸ਼ਬਦ ਮਿਲਦਾ ਹੈ। ਇਨ੍ਹਾਂ ਦੀਆਂ ਰਚਨਾਵਾਂ ਵਿਚ ਆਮ ਤੌਰ ਤੇ ਸ਼ਬਦ ਦਾ ਪਹਿਲਾ ਬੰਦ ਰਹਾਉ ਦੀ ਤੁਕ ਦਾ ਹੈ ਪਰ ਗੁਰਬਾਣੀ ਵਿਚ ਜ਼ਿਆਦਾਤਰ ਸ਼ਬਦ ਦੇ ਪਹਿਲੇ ਬੰਦ ਤੋਂ ਬਾਅਦ ਰਹਾਉ ਦੀ ਤੁਕ ਆਉਂਦੀ ਹੈ। ਕਈ ਸ਼ਬਦ ਵਿਚ ਰਹਾਉ ਦੋ[3] ਰਹਾਉ ਤਿੰਨ[4] ਅਤੇ ਰਹਾਉ ਚਾਰ[5] ਵੀ ਦ੍ਰਿਸ਼ਟੀਗੋਚਰ ਹੁੰਦੇ ਹਨ, ਉਨ੍ਹਾਂ ਲਈ ਰਹਾਉ ੧, ਰਹਾਉ ੨ ਇਸ ਤਰ੍ਹਾਂ ਅੰਕ ਵਿਦਮਾਨ ਹਨ। ਗੁਰਮਤਿ

---

1. ਸ੍ਰਿਕਤਕਮਲਾ ਕੁਚਮੰਡਲ ਧ੍ਰਿਤਕੁੰਡਲ ਕਲਿਤਲ ਲਿਤਵਨਮਾਲ ਜਯ ਜਯ ਦੇਵ ਹਰੇ।। ਧ੍ਰੁਵ।।੧।।
2. ਚਰਖਾ ਅਜਬ ਰੰਗੀਲਾ ਵੇ ਸੋਹੰਦਾ ਰਸਨਾ ਧੁਨ ਰਸ ਮੀਤ।। ਟੇਕ।। (ਚੋਣਵੀਆਂ)
3. ਮਹਲਾ 1 ਆਦਿ ਗ੍ਰੰਥ, ਪੰਨਾ 25-26
4. ਮਹਲਾ 1 ਆਦਿ ਗ੍ਰੰਥ, ਪੰਨਾ 154
5. ਮਹਲਾ 5, ਉਹੀ ਪੰਨਾ 96-97

ਸੰਗੀਤ ਪ੍ਰਬੰਧ ਅਨੁਸਾਰ ਸ਼ਬਦ ਦਾ ਗਾਇਨ ਰਹਾਉ ਦੀ ਤੁਕ ਨੂੰ ਸਥਾਈ ਮੰਨ ਕੇ ਹਰ ਅੰਤਰੇ ਤੋਂ ਬਾਅਦ ਬਾਰ-ਬਾਰ ਕਰਨ ਦੀ ਪਰੰਪਰਾ ਹੈ ਕਿਉਂਕਿ ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੈ ਅਤੇ ਅੰਤਰਿਆਂ ਵਿਚ ਇਸ ਨੂੰ ਵਿਭਿੰਨ ਦਲੀਲਾਂ, ਪ੍ਰਮਾਣਾਂ ਸਹਿਤ ਦ੍ਰਿੜ੍ਹਾਇਆ ਹੈ। ਜਦੋਂ ਸਮਸਿਆ ਦਾ ਸਮਾਧਾਨ ਹੋ ਜਾਂਦਾ ਹੈ ਤਾਂ ਉਥੇ ਰਹਾਉ ਦੀ ਤੁਕ ਬਦਲ ਜਾਂਦੀ ਹੈ। ਇਸ ਲਈ ਰਹਾਉ ਦੂਜੇ ਦੀ ਤੁਕ ਨੂੰ ਸਥਾਈ ਤੌਰ ਤੇ ਗਾਇਨ ਕਰਨਾ ਹੈ।

ਇਸ ਸ਼ਬਦ ਦੇ ਅੰਤਰਗਤ ਰਹਾਉ (ਸਥਾਈ) ਅੰਕੁ (ਅੰਤਰੇ) ਦੀ ਕਾਰਜ ਪ੍ਰਕ੍ਰਿਆ ਇਸ ਪ੍ਰਕਾਰ ਹੈ:

ਰਹਾਉ॥੧॥ .............. ਰਹਾਉ॥ ੧॥.............. ਰਹਾਉ॥ ੧॥

ਰਹਾਉ॥੧॥ .............. ਅੰਕੁ॥ ੧॥ .............. ਰਹਾਉ॥ ੧॥

ਰਹਾਉ॥੧॥ .............. ਅੰਕੁ॥ ੨॥ .............. ਰਹਾਉ॥ ੧॥

ਰਹਾਉ॥੧॥ .............. ਅੰਕੁ॥ ੩॥ .............. ਰਹਾਉ॥ ੧॥

ਰਹਾਉ॥੧॥ .............. ਅੰਕੁ॥ ੪॥ .............. ਰਹਾਉ॥ ੨॥

ਰਹਾਉ॥੨॥ .............. ਰਹਾਉ॥ ੨॥ .............. ਰਹਾਉ॥੨॥

ਸ਼ਬਦ ਨੂੰ ਨਿਰਧਾਰਤ ਬਾਣੀ ਪ੍ਰਬੰਧ ਅਨੁਸਾਰ ਰਹਾਉ ਦੀ ਤੁਕ ਦਾ ਬਾਰ-ਬਾਰ ਗੌਇਨ ਜਿੱਥੇ ਗਾਇਨ ਜਿੱਥੇ ਸ਼ਬਦ ਦੇ ਅੰਤਰਨਿਹਿਤ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ ਵਿਚ ਸਹਾਈ ਹੁੰਦੀ ਹੈ ਉਥੇ ਭਾਵਾਂ ਵਿੱਚ ਦ੍ਰਿੜ੍ਹਤਾ ਪ੍ਰਦਾਨ ਕਰਨ ਵਿਚ ਤੀਬਰਤਾ ਦਾ ਵਾਧਾ ਕਰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, ''ਗਾਉਣ ਵਾਲੇ ਦੀ ਮਰਜ਼ੀ ਹੈ ਕਿ ਰਹਾਉ ਦੀਆਂ ਤੁਕਾਂ ਵਿਚ ਜਿਸ ਮਰਜ਼ੀ ਤੁਕ ਨੂੰ ਸਥਾਈ ਮੰਨੇ"[1] ਪਰ ਬਾਣੀ ਦੇ ਅਰਥਾ ਨੂੰ ਧਿਆਨ ਵਿਚ ਰੱਖਦੇ ਹੋਏ ਦੇਖਿਆ ਜਾਵੇ ਤਾਂ ਇਹ ਵਿਚਾਰ ਠੀਕ ਨਹੀਂ ਬੈਠਦਾ ਕਿਉਂਕਿ ਜਿੱਥੇ ਰਹਾਉ ਦੀ ਤੁਕ ਬਦਲ ਜਾਂਦੀ ਹੈ ਉਥੇ ਸਮੱਸਿਆ ਵੀ ਬਦਲ ਜਾਂਦੀ ਹੈ। ਸੋ ਸ਼ਬਦ ਦੇ ਪ੍ਰਯੋਗ ਦੀ ਸਿੱਧੀ ਲਈ ਨਿਸ਼ਚਿਤ ਸੰਕੇਤਾਂ ਅਨੁਸਾਰ ਬਾਣੀ ਦਾ ਗਾਇਨ ਲਾਜ਼ਮੀ ਹੈ।

**ਘਰੁ**: ਗੁਰਬਾਣੀ ਵਿਚ ਰਾਗ ਤੋਂ ਬਾਅਦ ਅਗਲਾ ਸੰਗੀਤਕ ਸੰਕੇਤ ਘਰੁ ੧, ਘਰੁ ੨ ਆਦਿ ਇਸ ਤਰ੍ਹਾਂ ਸਿਰਲੇਖ ਰੂਪ ਵਿਚ ਅੰਕਿਤ ਹਨ। ਘਰੁ ਦੀ ਕੁਲ ਗਿਣਤੀ 17ਹੈ। ਘਰੁ ਦੇ ਸੰਬੰਧ ਵਿਚ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਭਾਈ ਵੀਰ ਸਿੰਘ ਜੀ ਅਨੁਸਾਰ, ''ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ ਘਰ ਤੋਂ ਬਣਦਾ ਹੈ, ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ। ਘਰੁ ੧ ਤੋਂ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ।[2] ਭਾਈ ਕਾਨ੍ਹ ਸਿੰਘ ਨਾਭਾ ਘਰੁ ਸੰਬੰਧੀ

1. ਮਹਾਨ ਕੋਸ਼, ਪੰਨਾ 1014
2. ਗੁਰੂ ਗ੍ਰੰਥ ਕੋਸ਼, ਪੰਨਾ 302

ਲਿਖਦੇ ਹਨ, ''ਗੁਰਮਤਿ ਸੰਗੀਤ ਅਨੁਸਾਰ ਘਰੁ ਦੇ ਦੋ ਅਰਥ ਹਨ ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਉਣ ਦੇ ਪ੍ਰਕਾਰ[1] ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਘਰੁ ਪਦ ਦੇ ਅੱਗੇ ਜੋ ਅੰਕ ਹੋਵੇ ਉਸ ਅਨੁਸਾਰ ਸਮਝ ਲੈਣਾ ਚਾਹੀਦਾ ਹੈ ਕਿ ਸ਼ਬਦ ਉਸ ਤਾਲ ਵਿਚ ਗਾਉਣਾ ਹੈ ਕਿਉਂਕਿ ਸੁਰ, ਤਾਲ, ਲਯ, ਅੰਗ, ਨਯਾਸ, ਗ੍ਰਹਿ ਇਹੋ ਗੱਲਾਂ ਰਾਗ ਦਾ ਸਰੂਪ ਪ੍ਰਕਾਸ਼ਦੀਆਂ ਹਨ, ਇਸ ਲਈ ਜਿੰਨੇ-ਜਿੰਨੇ ਤਾਲ ਵਿਚ ਜੋ-ਜੋ ਰਾਗ ਦਾ ਸ਼ਬਦ ਵਾ ਬਾਣੀ ਉਚਰੀ ਸੋ-ਸੋ ਗਾਉਣ ਲਈ ਤਾਲ ਦਾ ਪਤਾ ਲਿੱਖਿਆ ਹੈ।[2] ਕੁਝ ਵਿਦਵਾਨਾਂ ਦਾ ਇਹ ਵੀ ਮੱਤ ਹੈ ਕਿ ਇਰਾਨੀ ਤਾਲ ਪੱਧਾਤੀ ਵਿਚ ਤਾਲ ਰੂਪਾਂ ਨੂੰ ਇਕ ਗਾਹ, ਦੋ ਗਾਹ, ਸਿਰ ਗਾਹ, ਚਾਰ ਗਾਹ ਆਦਿ ਆਖਿਆ ਜਾਂਦਾ ਹੈ।[3] ਸੋਹੋ ਸਕਦਾ ਹੈ ਕਿ ਗੁਰੂ ਸਾਹਿਬਾਨ ਨੇ ਗਾਹ ਜਿਸਦਾ ਅਰਥ ਘਰ ਹੈ ਨੂੰ ਤਾਲ ਦਰਸਾਉਣ ਲਈ ਪ੍ਰਯੋਗ ਕੀਤਾ ਹੋਵੇ। ਫ਼ਾਰਸੀ ਬਹਿਰ ਦੀ ਬੁਨਿਆਦ ਤੇ ਇਹ ਮੱਤ ਵੀ ਪ੍ਰਚਾਰ ਵਿਚ ਹੈ ਕਿ ਅਮੀਰ ਖੁਸਰੋ ਨੇ 17ਤਾਲ ਈਜਾਦ ਕੀਤੇ ਜਿਨ੍ਹਾਂ ਦੇ ਨਾਮ ਪਸ਼ਤੋ, ਜ਼ੋਬਹਾਰ, ਕਵ੍ਵਾਲੀ, ਸੂਲਫ਼ਾਖਤਾ, ਜਤ, ਜਲਦ ਤਿਤਾਲਾ, ਸਵਾਰੀ, ਆੜਾ ਚੌਤਾਲ, ਝੂਮਰਾ, ਜ਼ਮਾਨੀ ਸਵਾਰੀ, ਦਾਸਤਾਨ, ਖ਼ਮਸ, ਫ਼ਰੋਦਸਤ, ਕੈਦ, ਪਹਲਵਾਨ, ਪਟ ਅਤੇ ਚਪਕ ਹਨ।[4] ਇਹ 17 ਤਾਲ ਮੱਧ ਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚਾਰ ਵਿਚ ਸਨ। ਸੰਭਵ ਹੈ ਕਿ ਗੁਰੂ ਸਾਹਿਬਾਨ ਦੇ ਵਰਤੇ 17ਘਰੁ ਇਹ ਭਾਰਤੀ ਸੰਗੀਤ ਵਿਚ ਪ੍ਰੱਚਲਿਤ ਇਹ 17ਘਰੁ ਹੀ ਹੋਣ।' ਕੁਝ ਵੀ ਹੋਵੇ ਬਹੁਤ ਵਿਦਵਾਨ ਘਰੁ ਨੂੰ ਤਾਲ ਵਜੋਂ ਹੀ ਸਵੀਕਾਰਦੇ ਹਨ। ਸਮੇਂ ਦੇ ਅੰਤਰਾਲ ਸਦਕਾ ਵਿਰਹਾਰਕ ਤੌਰ ਤੇ ਘਰੁ ਦਾ ਪ੍ਰਯੋਗ ਸਮਾਪਤ ਹੋ ਗਿਆ ਹੈ।

**ਜਤਿ**: ਜਤਿ ਜੋ ਭਾਰਤੀ ਸੰਗੀਤ ਵਿਚ ਯਤਿ ਦੇ ਨਾਮ ਤੋਂ ਵੀ ਪ੍ਰੱਚਲਿਤ ਹੈ। ਯਤਿ ਤੋਂ ਭਾਵ ਹੈ ਨਿਰੰਤਰ ਚਾਲ ਵਿਚ ਠਹਿਰਾਵ ਦੀਆਂ ਅਵਸਥਾਵਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਤਿ ਦਾ ਰਾਗ ਬਿਲਾਵਲ ਅਧੀਨ ਇਕ ਸਿਰਲੇਖ ਅੰਕਿਤ ਹੈ - ''ਬਿਲਾਵਲ ਮਹਲਾ ੧ ਥਿਤੀ ਘਰੁ ੧੦ ਜਤਿ''[5] | ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ''ਸੰਗੀਤ ਦੀ ਧਾਰਣਾ ਦਾ ਨਾਉਂ ਜਤਿ (ਯਤਿ) ਹੈ ਅਤੇ ਮ੍ਰਿਦੰਗ ਦੇ ਬੋਲ ਦਾ ਜਿੱਥੇ ਵਿਸ੍ਰਾਮ ਹੋਵੇ ਉਸ ਨੂੰ ਵੀ ਜਤਿ ਦੀ ਸੰਗਯਾ ਹੈ''। ਡਾ. ਚਰਨ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰੇ ਵਿਚ ਲਿਖਿਆ ਹੈ, ''ਜਤਿ, ਗਤਿ, ਸਪਥ, ਇਹ ਤਿੰਨੇ ਜੋੜੀ ਦੇ ਕਰਤਬ ਹਨ, ਜਿਸ ਵੇਲੇ ਸਜਾ ਹੱਥ ਸਤਿ ਦਾ ਕੰਮ ਕਰੇ ਅਰਥਾਤ ਗਤ ਵਾਕਰ ਉਂਗਲੀਆਂ ਵਿਚ ਜੋੜੀ ਦੇ ਕਿਨਾਰੇ ਅਤੇ ਵਿਚਕਾਰ ਕੰਮ ਕਰੇ ਅਤੇ ਜਦੋਂ ਦੋਹਾਂ ਹਥਾਂ ਦੀਆਂ ਉਂਗਲੀਆਂ ਹਰਫ਼ ਕੱਢਣ ਅਤੇ ਖਬਾ ਹੱਥ ਵਾਕਰ ਖੁਲਾਸਾ ਵਜਾਏ ਤਾਂ ਉਸ ਨੂੰ ਜਤਿ ਕੰਹਿਦੇ ਹਨ।

---

1. ਮਹਾਨ ਕੋਸ਼, ਪੰਨਾ 441
2. ਭਾਈ ਵੀਰ ਸਿੰਘ, ਸੰਥਯਾ: ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 182
3. ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ (ਪੋਥੀ ਪਹਿਲੀ) ਪੰਨਾ 74
4.- ਨਿਬੰਧ ਸੰਗੀਤ, ਪੰਨਾ 557-58
5- ਆਦਿ ਗ੍ਰੰਥ, ਪੰਨਾ 838

ਜਦ ਦੋਵੇਂ ਹੱਥਖੁੱਲ੍ਹੇ ਕੰਮ ਕਰਕੇ ਅਤੇ ਆਵਾਜ਼ ਵੀ ਖੁੱਲ੍ਹੀ ਨਿਕਲੇ (ਜਿਸ ਨੂੰ ਕੁੜ ਕੁਟ ਆਖਦੇ ਹਨ) ਤਾਂ ਉਸਦੀ ਸੰਗਯਾ ਸਾਥ ਹੁੰਦੀ ਹੈ।"[1] ਜਤਿ ਦਾ ਸੰਬੰਧ ਜੋੜੀ ਵਜਾਉਣ ਦੀ ਇਕ ਗਤ ਨਾਲ ਹੈ।[2] ਉਪਰੋਕਤ ਵਿਚਾਰਾਂ ਤੋਂ ਪਤਾ ਲਗਦਾ ਹੈ ਕਿ ਮੱਧਕਾਲ ਵਿਚ ਜੋੜੀ ਦੇ ਬੰਦ ਬੋਲਾ ਦਾ ਪ੍ਰਚਲਨ ਹੋ ਚੁੱਕਾ ਸੀ ਪਰਤੂੰ ਇਨ੍ਹਾਂ ਹਵਾਲਿਆਂ ਤੋਂ ਕੋਈ ਵੀ ਸੱਪਸ਼ਟ ਪ੍ਰਮਾਣ ਨਹੀ ਮਿਲਦਾ। ਵਰਤਮਾਨ ਸੰਗੀਤਾਚਾਰੀਆ ਜਤਿ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਨ ਕਿ ''ਜੋੜੀ ਉੱਤੇ ਸਜਾ ਹੱਥ ਖੁਲਲ੍ਹਾਂ ਬੋਲ ਵਜਾਏ ਅਤੇ ਖਬਾ ਹੱਥ ਬੰਦ ਬੋਲ ਵਜਾਏ ਤਾਂ ਅਜਿਹੀ ਤਾਲ ਪ੍ਰਕ੍ਰਿਆ ਨੂੰ ਜਾਤੀ ਦਾ ਨਾਮ ਦਿੱਤਾ ਜਾਂਦਾ ਹੈ'' ਸੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਰਲੇਖ ਤੋਂ ਭਾਵ ਹੈ ਕਿ ਰਾਗ ਬਿਲਾਵਲ ਅਧੀਨ, ਥਿਤੀਂ ਦੇ ਵਿਸ਼ਿਸ਼ਟ ਵਿਸ਼ਰਾਮਾਂ ਨੂੰ ਧਿਆਨ ਵਿਚ ਰਖਦੇ ਹੋਏ ਦਸਵੇਂ ਘਰ ਦੀ ਲੈਅ ਵਿਚ ਇਸ ਸ਼ਬਦ ਦਾ ਗਾਇਨ ਕਰਨਾ ਹੈ।

**ਗਾਇਨ ਸ਼ੈਲੀਆਂ**: ਗੁਰਬਾਣੀ ਸੰਗੀਤ ਪ੍ਰਬੰਧ ਅੰਤਰਗਤ ਗੁਰੂ ਸਾਹਿਬਾਨ ਨੇ ਜਿੱਥੇ ਧਰੁਪਦ, ਪ੍ਰਬੰਧ ਅਤੇ ਪੜਤਾਲ ਜੈਸੀ ਸ਼ਾਸਤਰੀ ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਉਥੇ ਅਲਾਹੁਣੀਆਂ, ਘੋੜੀਆਂ, ਵਾਰ, ਸੋਲਹੇ, ਛੰਤੁ, ਮੁੰਦਾਵਣੀ ਆਦਿ ਦੇਸ਼ੀ ਜਾਂ ਲੋਕ ਰੂਪਾਂ ਨੂੰ ਵੀ ਪ੍ਰਯੋਗ ਵਿਚ ਲਿਆਂਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਸੱਪਸ਼ਟ ਹੈ ਕਿ ਬਾਣੀ ਲਈ ਪ੍ਰਯੁਕਤ ਗਾਇਨ ਸ਼ੈਲੀਆਂ ਨੂੰ ਸੰਗੀਤ ਵਿਧਾਨ ਦੇ ਅਨੁਸ਼ਾਸਨ ਅਧੀਨ ਬਾਣੀ ਦੇ ਉਦੇਸ਼ ਨੂੰ ਮੁੱਖ ਰੱਖਕੇ ਰੱਖਕੇ ਪ੍ਰਯੋਗ ਵਿਚ ਲਿਆਇਆ ਗਿਆ ਹੈ। ਭਾਵ ਮਾਰਗੀ ਜਾਂ ਸ਼ਾਸਤਰੀ ਸ਼ੈਲੀਆਂ ਦੀ ਕੱਟੜਤਾ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਸਹਿਜ ਅਤੇ ਦੇਸੀ ਜਾਂ ਲੋਕ ਸ਼ੈਲੀਆਂ ਦੀ ਆਪਮੁਹਾਰੀ ਖੁੱਲ੍ਹ ਨੂੰ ਗੁਰਮਤਿ ਸੰਗੀਤ ਪ੍ਰਬੰਧ ਅਧੀਨ ਅਨੁਸ਼ਾਸਨ ਪ੍ਰਦਾਨ ਹੈ। ਗੁਰਬਾਣੀ ਵਿਚ ਮਾਰਗੀ ਸ਼ੈਲੀਆਂ ਦਾ ਰਾਗਾਤਮਕ ਨਿਰਧਾਰਣ ਵਿਵਹਾਰਕ ਰੂਪ ਵਿਚ ਗੁਰਮਤਿ ਸੰਗੀਤ ਪ੍ਰਬੰਧ ਦੀ ਵਿੱਲਖਣਤਾ ਦੀ ਪਹਿਚਾਣ ਹੈ।

ਗੁਰਮਤਿ ਸੰਗੀਤ ਪ੍ਰਬੰਧ ਦੇ ਸੰਗੀਤਕ ਸੰਕੇਤਾਂ ਤੋਂ ਇਲਾਵਾ ਸ਼ਬਦ ਦੀ ਪ੍ਰਸਤੁਤੀ ਸੰਗੀਤ ਦੀ ਕਿਸੇ ਸਾਧਾਰਣ ਪ੍ਰਸਤੁਤੀ ਤੋਂ ਭਿੰਨ ਹੈ। ਸਾਧਾਰਣ ਕਲਾਕਾਰ ਆਪਣੇ ਅੰਦਰ ਮਿਹਨਤ ਨਾਲ ਕਮਾਈ ਹੋਈ ਕਲਾ ਦੀ ਬਾਹਰਮੁਖੀ ਪ੍ਰਸਤੁਤੀ ਕਰਦਾ ਹੈ ਪਰ ਗੁਰਬਾਣੀ ਦੀ ਸ਼ਬਦ ਗਾਇਨ ਪ੍ਰਸਤੁਤੀ ਅਧੀਨ ਪ੍ਰਸਤੁਤਕਾਰ ਉਸ ਪਰਮਸਤਿ ਦਾ ਅਨੁਭਵ ਤੇ ਬੋਧ ਕਰਦਾ ਹੋਇਆ ਸਹਿਜ ਅਨੰਦ ਦੀ ਪ੍ਰਾਪਤੀ ਕਰਦਾ ਹੈ। ਸਹਿਜ ਅਨੰਦ ਦੀ ਅਵਸਥਾ ਪ੍ਰਾਪਤ ਕਰਨ ਲਈ ਗਾਇਕ ਲਈ ਗੁਰੂ ਸਾਹਿਬਾਨ ਜਿੱਥੇ ਵਿਸਿਸ਼ਟ ਸੰਗੀਤ ਪ੍ਰਬੰਧ ਦੀ ਸਿਰਜਣਾ ਕਰਦੇ ਹਨ ਉਥੇ ਪ੍ਰਸਤੁਤੀ ਦੀ ਵਿਧੀ ਤੇ ਲੱਛਣਾਂ ਦਾ ਵੀ ਵਰਣਨ ਕਰਦੇ ਹਨ ਜੋ ਗੁਰਬਾਣੀ ਦੇ ਕੁਝ ਕੁ ਫੁਰਮਾਨਾਂ ਤੋਂ ਸਪੱਸ਼ਟ ਹੈ:

---

1- ਮਹਾਨ ਕੋਸ਼, ਪੰਨਾ 502

2- ਸਾਹਿਬ ਸਿੰਘ (ਪ੍ਰੋ.) ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ (ਪੋਥੀ ਛੇਵੀ) ਪੰਨਾ 229

ਇਕਿ ਗਾਵਤ ਰਹੇ ਮਨਿ ਸਾਦੁ ਨ ਪਾਇ॥
ਹਉਮੈ ਵਿਚਿ ਗਾਵਹਿ ਬਿਰਥਾ ਜਾਇ॥[1]

ਆਪਿ ਗਵਾਏ ਸੁ ਹਰਿਗੁਨ ਗਾਉ॥[2]

ਗੁਰਮਤਿ ਬਾਜੈ ਸਬਦੁ ਅਨਹਦੁ

ਗੁਰਮਤਿ ਮਨੂਆ ਗਾਵੈ॥[3]

ਸਹਜੇ ਗਾਵਿਆ ਥਾਇ ਪਵੈ

ਬਿਨੁ ਸਹਜੈ ਕਥਨੀ ਬਾਦਿ॥[4]

ਉਪਰੋਕਤ ਫੁਰਮਾਨਾਂ ਤੋਂ ਸਪੱਸ਼ਟ ਹੈ ਕਿ ਸ਼ਬਦ ਦੀ ਪ੍ਰਸਤੁਤੀ ਲਈ ਹਉਮੈ ਦਾ ਤਿਆਗ, ਆਪਾ ਸਮਰਪਣ, ਗੁਰਮਤਿ ਦੇ ਅਨੁਸਾਰੀ ਹੋਣ, ਸਹਿਜ ਵਿਚ ਰਹਿਣ ਵਰਗੇ ਨਿਯਮਾਂ ਨੂੰ ਪੂਰਨ ਰੂਪ ਵਿਚ ਧਾਰਣ ਕਰਨਾ ਹੈ ਕਿਉਂ ਜੋ ਬਾਣੀ ਦਾ ਆਦੇਸ਼ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਦੀ ਗਾਇਨ ਪ੍ਰਸਤੁਤੀ ਵਿਚ ਕਲਾ ਦੇ ਆਡੰਬਰ, ਆਕਰਸ਼ਨ ਅਤੇ ਪ੍ਰਲੋਭਨ ਦਾ ਤਿਆਗ ਬੁਨਿਆਦੀ ਤੌਰ ਤੇ ਮਹੱਤਵਪੂਰਨ ਹੈ। ਗੁਰਮਤਿ ਸੰਗੀਤ ਦੀ ਕਿਸੇ ਵੀ ਸ਼ਬਦ ਕੀਰਤਨ ਪ੍ਰਸਤੁਤੀ ਵਿਚ ਜਦੋ- ਜਦੋ ਸ਼ਬਦ ਦੀ ਬਜਾਏ ਰਾਗ/ਗਾਇਨ ਦਾ ਕਲਾਤਮਕ ਪੱਖ ਪ੍ਰਧਾਨ ਭਾਵੀ ਹੋਵੇਗਾ ਤਦੋ ਹੀ ਗੁਰਮਤਿ ਸੰਗੀਤ ਦੀ ਇਹ ਪ੍ਰਸਤੁਤੀ ਆਪਣੇ ਲਕਸ਼ ਨਾਲੋਂ ਵਿੱਛੜ ਜਾਵੇਗੀ।

ਉਕਤ ਵਰਣਿਤ ਵਿਲੱਖਣਤਾਵਾਂ ਨੂੰ ਪ੍ਰਬੰਧ ਰੂਪ ਵਿਚ ਸਵੀਕਾਰਦਿਆਂ ਗੁਰੂ ਸਾਹਿਬਾਨ ਨੇ ਵੱਖ-ਵੱਖ ਕੀਰਤਨ ਚੌਕੀਆਂ1,ਕੀਰਤਨ ਕੇਂਦਰ,2ਵੱਖ-ਵੱਖ ਸਾਜ਼3ਅਤੇ ਪ੍ਰਮੁੱਖ ਕੀਰਤਨੀਆਂ4ਦੇ ਗਾਇਨ ਦੁਆਰਾ ਮੌਲਿਕ ਅਤੇ ਵਿਲੱਖਣ ਦ੍ਰਿਸ਼ਟੀ ਤੋਂ ਪ੍ਰਯੋਗ ਕੀਤਾ ਅਤੇ ਇਸ ਪਰੰਪਰਾ ਨੂੰ ਵਿਵਹਾਰਕ ਰੂਪ ਵਿਚ ਸਦੀਵੀ ਵਿਲੱਖਣਤਾ ਪ੍ਰਦਾਨ ਕੀਤੀ। ਇਹੀ ਗੁਰਮਤਿ ਸੰਗੀਤ ਪ੍ਰਬੰਧ ਜਦੋਂ ਇਨ੍ਹਾਂ ਪ੍ਰਸਤੁਤੀ ਸਹਾਇਕਾਂ ਦੀ ਕ੍ਰਿਆਤਮਕਤਾ ਦੁਆਰਾ ਸਜੀਵ/ਵਿਵਹਾਰਕ ਰੂਪ ਪ੍ਰਦਾਨ ਕਰਦਾ ਹੈ ਤਾਂ ਇਸਨੂੰ ਸਹਿਜੇ ਹੀ ਪੂਰਵਕਾਲੀਨ ਅਤੇ ਸਮਕਾਲੀਨ ਪਰੰਪਰਾਵਾਂ ਨਾਲੋਂ ਨਿਕੇੜਿਆ ਜਾ ਸਕਦਾ ਹੈ।

1. ਆਸਾ ਦੀ ਵਾਰ ਦੀ ਚੌਕੀ, ਬਿਲਾਵਲ ਦੀ ਚੌਕੀ, ਸੋਦਰੁ ਦੀ ਚੌਕੀ, ਕਲਿਆਣ ਦੀ ਚੌਕੀ।
2. ਕਰਤਾਰਪੁਰ ਸਾਹਿਬ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਅਨੰਦਪੁਰ ਸਾਹਿਬ
3. ਰਬਾਬ, ਸਾਰੰਦਾ, ਸਾਰੰਗੀ, ਤਾਊਸ਼, ਢੱਡ ਆਦਿ

---

1. ਗਉੜੀ ਗੁਆਰੇਰੀ ਮਹਲਾ ੩, ਆਦਿ ਗ੍ਰੰਥ, ਪੰਨਾ 158
2. ਗਉੜੀ ਸੁਖਮਨੀ ਮ:੫, ਅਸ਼ਟਪਦੀ ੬ ਉਹੀ- ਪੰਨਾ 270
3. ਗਉੜੀ ਪੂਰਬੀ ਮਹਲਾ ੪, ਉਹੀ, ਪੰਨਾ 172
4. ਸਿਰੀ ਰਾਗ ਮ: ੩, ਉਹੀ, ਪੰਨਾ 68

4. ਭਾਈ ਮਰਦਾਨਾ, ਭਾਈ ਸੱਤਾ, ਭਾਈ ਬਲਵੰਡ, ਭਾਈ ਸਾਦੂ, ਭਾਈ ਬਾਦੂ, ਭਾਈ ਰਜਾਦਾ, ਭਾਈ ਸਜਾਦਾ ਆਦਿ।

ਇਹ ਵਿਸ਼ਿਸ਼ਟ ਸੰਗੀਤ ਪ੍ਰਬੰਧ ਬਾਣੀ ਦੇ ਪ੍ਰਭਾਵ ਨੂੰ ਉਜਾਗਰ ਕਰਨ ਹਿੱਤ ਜਾਂ ਬਾਣੀ ਨੂੰ ਪ੍ਰਕਾਸਮਾਨ ਕਰਨ ਵਿਚ ਸਹਾਈ ਹੁੰਦਾ ਹੈ। ਇਸ ਵਿਸ਼ਿਸ਼ਟ ਸੰਗੀਤ ਪ੍ਰਬੰਧ ਸੰਬੰਧੀ ਵਿਗਿਆਨਕ ਪਹੁੰਚ, ਗੁਰਮਤਿ ਸੰਗੀਤ ਦੇ ਸੰਸਥਾਗਤ ਪ੍ਰਚਲਨ ਅਤੇ ਬਾਣੀ ਦੀ ਸੰਪਾਦਨਾ ਦੇ ਅੰਤਰਗਤ ਵਿਭਿੰਨ ਸੰਗੀਤਕ ਸੰਕੇਤ, ਫੁਰਮਾਨ ਵਿਸ਼ਿਸ਼ਟ ਸੰਗੀਤ ਪ੍ਰਬੰਧ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੈ ਉਥੇ ਇਸਦੀ ਪਹਿਚਾਣ ਯੋਗ ਸਥਾਪਤੀ ਅਤੇ ਸਮਕਾਲੀਨ ਪੂਰਵਕਾਲੀਨ ਪਰੰਪਰਾਵਾਂ ਨਾਲੋਂ ਵਿਲੱਖਣਤਾ ਦਾ ਪ੍ਰਤੱਖ ਪ੍ਰਮਾਣ ਹੈ।

ਗੁਰਮਤਿ ਸੰਗੀਤ ਦੀ ਉਤਪਤੀ ਤੇ ਵਿਕਾਸ ਸੰਬੰਧੀ ਉਕਤ ਚਰਚਾ ਤੋ ਇਸ ਪਰੰਪਰਾ ਦੇ ਸਥਾਪਿਤ ਵਿਸ਼ਿਸ਼ਟ ਸਰੂਪ ਦਾ ਆਭਾਸ਼ ਸਹਿਜੇ ਹੀ ਹੋ ਜਾਂਦਾ ਹੈ ਹਾਲਾਂ ਕਿ ਇਹ ਵਰਣਨ ਅਤੇ ਵਿਸ਼ਲੇਸ਼ਣ ਅਸੀਂ ਆਪਣੇ ਖੋਜ ਕਾਰਜ ਦੀ ਸੀਮਾ ਨੂੰ ਮੁੱਖ ਰੱਖਦਿਆਂ ਵਧੇਰੇ ਵਿਸਥਾਰ ਸਹਿਤ ਨਹੀਂ ਕੀਤਾ। ਗੁਰਮਤਿ ਸੰਗੀਤ ਦੀਆਂ ਪੂਰਵਕਾਲੀਨ ਸਮਕਾਲੀਨ ਧਾਰਮਿਕ ਅਤੇ ਸੰਗੀਤ ਪਰੰਪਰਾਵਾਂ ਦੇ ਸੰਦਰਭ ਵਿਚ ਇਸ ਪਰੰਪਰਾ ਦਾ ਪਹਿਚਾਣ ਯੋਗ ਮੁਹਾਂਦਰਾ ਸਪਸ਼ਟ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਕਤ ਵਰਣਿਤ ਸਮੂਹ ਪਰੰਪਰਾਵਾਂ ਦੇ ਅਧਿਐਨ ਅਤੇ ਚਿੰਤਨ ਉਪਰੰਤ ਸਿੱਖ ਧਰਮ ਦੀ ਸਥਾਪਨਾ ਦੇ ਨਾਲ-ਨਾਲ ਗੁਰਮਤਿ ਸੰਗੀਤ ਦੀ ਸਿਰਜਣਾ ਵੀ ਕੀਤੀ ਜੋ ਵੱਖ-ਵੱਖ ਗੁਰੂ ਸਾਹਿਬਾਨਾਂ ਦੇ ਯਤਨਾਂ, ਕਿਰਿਆਤਮਕ ਪ੍ਰਯੋਗ ਦੇ ਸਿਧਾਂਤਕ ਵਿਸ਼ਿਸ਼ਟਤਾ ਦੇ ਆਧਾਰ ਉਤੇ ਮੂਰਤੀਮਾਨ ਹੋਈ ਹੈ। ਗੁਰਮਤਿ ਸੰਗੀਤ ਦਾ ਮੱਧਕਾਲੀਨ ਭਾਰਤੀ ਸੰਗੀਤ ਵਿਚ ਨਿਵਕੇਲਾ ਸਥਾਨ ਹੈ। ਭਾਰਤੀ ਸੰਗੀਤ ਦੇ ਇਤਿਹਾਸ ਦੇ ਪ੍ਰਸੰਗ ਵਿਚ ਵਾਚੀਏ ਤਾਂ ਬਾਬਰ ਤੋਂ ਔਰੰਗਜੇਬ ਤਕ ਦੇ ਸਮੇਂ ਵਿਚੋਂ ਅਕਬਰ ਕਾਲ ਨੂੰ ਭਾਰਤੀ ਸ਼ਾਸਤਰੀ ਸੰਗੀਤ ਦਾ ਸੁਨਹਿਰਾ ਯੁਗ ਸਵੀਕਾਰ ਕੀਤਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਾਬਰ ਦੇ ਸਮਕਾਲੀ ਸਨ ਅਤੇ ਉਨ੍ਹਾਂ ਨੇ ਪੂਰਵਕਾਲੀਨ ਅਤੇ ਸਮਕਾਲੀਨ ਸੰਗੀਤ ਪਰੰਪਰਾਵਾਂ ਦੇ ਮੰਥਨ ਤੋਂ ਆਪਣੇ ਮੱਤ ਦੇ ਪ੍ਰਚਾਰ ਲਈ ਜਿਸ ਸੰਗੀਤ ਪਰੰਪਰਾ ਦਾ ਆਰੰਭ ਕੀਤਾ ਉਹ 'ਗੁਰਮਤਿ ਸੰਗੀਤ' ਹੈ ਜਿਸਦੇ ਸਰੂਪ ਅਤੇ ਸਿਧਾਂਤਾ ਸੰਬੰਧੀ ਅਸੀਂ ਉਪਰ ਵਿਚਾਰ ਕਰ ਆਏ ਹਾਂ। ਇਹ ਪੰਰਪਰਾ ਲਗਭਗ ਭਾਰਤੀ ਸ਼ਾਸਤਰੀ ਸੰਗੀਤ ਦੇ ਸੁਨਹਿਰੇ ਯੁੱਗ ਦੇ ਸਮਾਨੰਤਰਸੁਦ੍ਰਿੜ ਅਤੇ ਸਥਾਪਿਤ ਲੂਪ ਵਿਚਉਜਾਗਰ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਕਬਰ ਦੇ ਸਮਕਾਲੀਨ ਸਨ ਅਤੇ ਗੁਰਮਤਿ ਸੰਗੀਤ ਦੇ ਵਿਕਾਸ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਦਾ ਸਮਾਂ ਵੀ ਅੰਤਿਅੰਤ ਮਹੱਤਵਪੂਰਨ ਹੈ ਕਿਉਂ ਜੋ ਇਸ ਮਹਾਨ ਗੁਰੂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰ ਮੱਧਕਾਲੀਨ ਅਧਿਆਤਮਕ ਸੋਚ ਦੇ ਮੰਥਨ ਵਿਚੋਂ ਅੰਮ੍ਰਿਤ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਸਿਰਜਣਾ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਤੋਂ

ਬਾਅਦ ਇਹ ਪਰੰਪਰਾ ਨਿਰੰਤਰ ਵਿਕਾਸਸ਼ੀਲ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਪਰੰਤ ਸ੍ਰੀ ਗੁਰੂ ਸਾਹਿਬ ਜੀ ਦੇ ਗੁਰੂ ਵਜੋਂ ਮਾਨਤਾ ਤੋਂ ਬਾਅਦ ਇਹ ਪੰਰਪਰਾ ਅੱਜ ਵੀ ਵਿਦਮਾਨ ਹੈ।

ਉਕਤ ਵਿਸ਼ਲੇਸ਼ਣ ਤੋਂ ਸਪਸ਼ਟ ਹੈ ਕਿ ਇਹ ਪਰੰਪਰਾ ਕੇਵਲ ਸਿੱਖ ਧਰਮ ਦੇ ਕਿਰਿਆਤਮਕ ਸੰਗੀਤ/ਕੀਰਤਨ ਦੀ ਜਿਹੀ ਪ੍ਰਣਾਲੀ ਨਹੀਂ ਸਗੋਂ ਇਸਦੇ ਵਿਸ਼ਿਸ਼ਟ ਸਿਧਾਂਤ, ਸਰੂਪ, ਪ੍ਰਕ੍ਰਿਤੀ ਹੈ। ਦਸ ਗੁਰੂ ਸਾਹਿਬਾਨਾਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਦੇਣਾ ਮਹਿਜ ਇਤਫ਼ਾਕ ਨਹੀਂ ਸਗੋਂ ਸ਼ਬਦ ਗੁਰੂ ਦੇ ਕੇਂਦਰੀ ਗੁਰਮਤਿ ਸਿਧਾਂਤ ਨੂੰ ਸਪਸ਼ਟ ਰੂਪ ਵਿਚ ਮਾਨਤਾ ਦੇਣਾ ਹੈ। ਇਸ ਸ਼ਬਦ ਗੁਰੂ ਦਾ ਸੰਚਾਰ ਸੰਗੀਤ ਦੁਆਰਾ ਹੀ ਸੰਭਵ ਹੈ। ਅਜਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਸਪਸ਼ਟ ਹੋ ਰਿਹਾ ਹੈ ਇਸ ਲਈ ਸਿੱਖ ਧਰਮ ਵਿਚ ਸੰਗੀਤ, ਗੁਰਮਤਿ ਸੰਗੀਤ ਦੇ ਵਿਸ਼ਿਸ਼ਟ ਰੂਪ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਵਰਤਮਾਨ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ਸੰਗ ਵਿਦਮਾਨ ਹੈ। ਇਸ ਬਾਣੀ ਦੇ ਪ੍ਰਕਾਸ਼ ਅਤੇ ਬੋਧ ਲਈ ਸੰਗੀਤ ਮੁੱਖ ਸੰਚਾਰ ਜੁਗਤ ਵਜੋਂ ਵੀ ਪ੍ਰਯੋਗ ਹੋ ਰਿਹਾ ਹੈ। ਗੁਰਮਤਿ ਸੰਗੀਤ ਦੀ ਸਿਧਾਂਤ ਪਰੰਪਰਾ ਦੇ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਗਾਤਮਕ ਸੰਪਾਦਨਾ ਅਤੇ ਬਾਣੀ ਵਿਚਲੇ ਭਿੰਨ-ਭਿੰਨ ਫ਼ੁਰਮਾਨਾ, ਹਵਾਲਿਆਂ ਅਤੇ ਸੰਕੇਤਾਂ ਤੋਂ ਕੀਤੇ ਜਾ ਸਕਦੇ ਹਨ। ਇਸਦੇ ਨਾਲ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਹੁਣ ਇਹ ਪਰੰਪਰਾ ਕਿਰਿਆਤਮਕ ਰੂਪ ਵਿਚ ਸਿੱਖ ਧਰਮ ਦੇ ਪੈਰੋਕਾਰਾਂ ਦੇ ਨਿਤਪ੍ਰਤੀ ਦੇ ਅਧਿਆਤਮ ਕਰਮ ਦੀ ਅਨਿੱਖੜ ਅੰਗ ਹੈ। ਇਸ ਕਿਰਿਆਤਮਕਤਾ ਨੇ ਭਾਰਤੀ ਸੰਗੀਤ ਵਿਚ ਵਿਲੱਖਣ ਅਤੇ ਪਹਿਚਾਣਯੋਗ ਥਾਂ ਬਣਾਈ ਹੈ। ਇਸ ਪਰੰਪਰਾ ਨੇ ਆਪਣੀਆਂ ਪੂਰਵਕਾਲੀਨ ਅਤੇ ਸਮਕਾਲੀਨ ਧਾਰਮਿਕ ਅਤੇ ਸੰਗੀਤ ਪਰੰਪਰਾਵਾਂ ਵਿਚੋਂ ਅਨੇਕ ਤੱਤਾਂ ਅਤੇ ਉਪਕਰਣਾਂ ਨੂੰ ਗੁਰਮਤਿ ਅਨੁਸ਼ਾਸਨ ਦਾ ਧਾਰਣੀ ਬਣਾ ਕੇ ਗੁਰਮਤਿ ਸੰਗੀਤ ਨਾਮ ਵਿਸ਼ਿਸ਼ਟ ਪਰੰਪਰਾ ਵਜੋਂ ਸਥਾਪਿਤ ਰੂਪ ਗ੍ਰਹਿਣ ਕੀਤਾ ਹੈ।

# ਗੁਰਮਤਿ ਸੰਗੀਤ ਦੀ ਕੀਰਤਨ ਚੌਕੀ-ਪਰੰਪਰਾ

**ਗੁਰਨਾਮ ਸਿੰਘ (ਡਾ.)**

ਸ਼ਬਦ-ਕੀਰਤਨ ਚੌਕੀ ਗੁਰਮਤਿ ਸੰਗੀਤ ਦੀ ਇਕ ਸੰਪੂਰਨ ਪ੍ਰਸਤੁਤੀ ਦਾ ਨਾਮ ਹੈ। ਭਾਵ ਜਦੋਂ ਕੀਰਤਨਕਾਰ ਇਕ ਗੁਰੂ ਦੀ ਹਜ਼ੂਰੀ ਵਿਚ ਗੁਰਮਤਿ ਸੰਗੀਤ ਦੇ ਸੰਪੂਰਨ ਨਿਯਮਾਂ ਦੇ ਆਧਾਰ ਗੁਰਮਤਿ ਅਨੁਸਾਰ ਪ੍ਰਵਾਣਿਤ ਬਾਣੀਆ ਦਾ ਕੀਰਤਨ ਕਰਦੇ ਹਨ ਤਾਂ ਉਸਨੂੰ 'ਕੀਰਤਨ ਚੌਕੀ' ਕਿਹਾ ਜਾਂਦਾ ਹੈ। ਇਸ ਕੀਰਤਨ ਦਾ ਵਿਸ਼ਾ ਤੇ ਮਨੋਰਥ ਬਾਣੀ, ਰਾਗ ਅਤੇ ਹੋਰ ਅਵਸਰਾਂ ਦੇ ਉਦੇਸ਼ ਅਨੁਸਾਰ ਹੋਂਦ ਵਿਚ ਆਉਂਦਾ ਹੈ। ਕੀਰਤਨ ਦੀ ਇਹ ਪਰੰਪਰਾ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਹੁਣ ਤੱਕ ਨਿਰੰਤਰ ਚਲੀ ਆ ਰਹੀ ਹੈ। ਵੱਖ-ਵੱਖ ਗੁਰ -ਅਸਥਾਨਾਂ ਵਿਸ਼ੇਸ਼ ਕਰਕੇ ਹਰਿਮੰਦਰ ਸਾਹਿਬ ਵਿਖੇ ਕੀਰਤਨ ਚੌਕੀ ਦੀ ਇਹ ਪਰੰਪਰਾ ਗੁਰਮਤਿ ਸੰਗੀਤ ਦਾ ਵਿਸ਼ੇਸ਼ ਵਰਨਣਯੋਗ ਹਿੱਸਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਵਿਭਿੰਨ ਕੀਰਤਨ ਚੌਕੀਆਂ ਸੰਬੰਧੀ ਵਿਸਤਰਿਤ ਵਿਚਾਰ ਕਰੀਏ ਕੀਰਤਨ ਚੌਕੀ ਸੰਬੰਧੀ ਹੋਰ ਜਾਣ ਲੈਣਾ ਜ਼ਰੂਰੀ ਹੈ।

ਕੀਰਤਨ ਚੌਕੀ ਪਰਿਭਾਸ਼ਾ ਅਤੇ ਵਿਭਿੰਨ ਅੰਗ:-ਕੀਰਤਨ ਚੌਕੀ ਦੀ ਪਰਿਭਾਸ਼ਾ ਦਿੰਦਿਆਂ ਭਾਈ ਕਾਨ੍ਹ ਸਿੰਘ ਨਾਭਾ ਇਹ ਕਹਿੰਦੇ ਹਨ"[1]. ਚਾਰ ਰਾਗੀਆਂ ਦੀ ਮੰਡਲੀ,''ਗਾਵਤ ਚਉਕੀ ਸ਼ਬਦ ਪ੍ਰਕਾਸ" 2. ਭਜਨ ਮੰਡਲੀ,ਜੋ ਪਰਿਕ੍ਰਮਾ ਕਰਦੀ ਹੋਈ ਸ਼ਬਦ ਗਾਵੇ।।" 'ਭਾਈ ਵੀਰ ਸਿੰਘ ਜੀ ਅਨੁਸਾਰ, ''ਗੁਰਮਤਿ ਸੰਗੀਤ ਵਿਚ ਕੀਰਤਨੀ ਜੱਥੇ ਨੂੰ ਚੌਕੀ ਕਹਿੰਦੇ ਹਨ। ਚੌਕੀ ਘਟ ਤੋਂ ਘਟ ਚੋਹਾਂ ਦੀ ਵਿਦਮਾਨ ਹੈ ਜੇਹਕੁ ਇਕ ਮਹੰਤ, ਦੋ ਸਾਥੀ ਸੁਰ ਰਚਾਉਣ ਵਾਲੇ, ਇਕ ਜੋੜੀ ਵਾਲਾ (ਪਖਾਉਜੀ), ਇਸ ਤੋਂ ਘੱਟ ਨਹੀ, ਵਧੀਕ ਭਾਵੇਂ ਕਿਤਨੇ ਸਰੀਰ ਹੋਣ ਚੌਕੀ ਵਿਚ ਗਾਉਂ ਸਕਦੇ ਹਨ। ਜੇਹਾ ਕੁ ਵਾਰ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਵਿਦਮਾਨ ਹੈ।[2] ਸਾਡੇ ਮੱਤ ਅਨੁਸਾਰ ਚੌਕੀ ਗਾਇਨ ਦੁਆਰਾ ਪੂਜਾ ਅਰਚਾ ਦਾ ਇਕ ਰਵਾਇਤੀ ਕਰਮ ਹੈ। ਸਿੱਖ ਧਰਮ ਵਿੱਚ 'ਚੌਕੀ' ਸ਼ਬਦ ਨੂੰ ਕੀਰਤਨ ਚੌਕੀ, ਸ਼ਬਦ ਕੀਰਤਨ ਚੌਕੀ, ਸ਼ਬਦ ਚੌਕੀ ਅਤੇ ਫਿਰ ਵੱਖ-ਵੱਖ ਸਮੇਂ ਦੇ ਰਾਗਾਂ ਅਤੇ ਬਾਣੀ ਅਨੁਸਾਰ ਪਰਿਭਾਸ਼ਿਤ ਕੀਤ ਗਿਆ ਹੈ ਉਦਾਹਰਣ ਦੇ ਤੌਰ ਤੇ ਆਸਾ ਦੀ ਵਾਰ ਦੀ ਚੌਕੀ, ਸੋਦਰੁ'ਦੀ ਚੌਕੀ ਆਦਿ। ਕੀਰਤਨ ਚੌਕੀ ਦੀ ਇਕ ਹੋਰ ਪਰਿਭਾਸ਼ਾ ਅਨੁਸਾਰ ਇਸਨੂੰ ਚਾਰ ਅੰਗਾਂ ਦੀ ਧਾਰਣੀ ਹੋਣ ਕਰਕੇ 'ਚੌਕੀ' ਪ੍ਰਣਾਵਿਤ ਕੀਤਾ ਜਾਂਦਾ ਹੈ। ਇਹ ਚਾਰ ਅੰਗ ਇਸ ਪ੍ਰਕਾਰ ਹਨ:

1. ਸ਼ਾਨ ਜਾ ਲਹਿਰਾ
2. ਮੰਗਲਾਚਰਣ

---

1. ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਪੰਨਾ 449.
2. ਗੁਰੂ ਗ੍ਰੰਥ ਕੋਸ਼, ਪੰਨਾ 882.

3. ਸ਼ਬਦ ਗਾਇਨ 4. ਪਉੜੀ

**1.ਸ਼ਾਨ ਜਾਂ ਲਹਿਰਾ**:- ਸ਼ਾਨ ਜਾਂ ਲਹਿਰਾ ਵਿਚ ਸਾਜਿੰਦੇ ਗਾਏ ਜਾਣ ਵਾਲੇ ਸੰਬੰਧਤ ਰਾਗ ਵਿਚ ਨਗਮਾ ਜਾਂ ਧੁਨ ਦਾ ਵਾਦਨ ਕਰਦੇ ਹਨ ਜਿਸ ਨਾਲ ਤਬਲਾ ਵਾਦਕ, ਤਬਲਾ ਵਾਦਨ ਦੁਆਰਾ ਵਿਸੇਸ਼ ਪ੍ਰਕਾਰ ਦਾ ਮਾਹੌਲ ਸਿਰਜਦਾ ਹੈ। ਇਹ ਪਰੰਪਰਾ ਪੁਰਾਤਨ ਕੀਰਤਨੀਆ ਵਿਚ ਅੱਜ ਵੀ ਵੇਖਣ ਸੁਣਨ ਨੂੰ ਮਿਲਦੀ ਹੈ। ਇਸ ਦੁਆਰਾ ਜਿਥੇ ਕੀਰਤਨ ਲਈ ਢੁਕਵਾਂ ਸੰਗੀਤਕ ਮਾਹੌਲ ਸਿਰਜਿਆ ਜਾਂਦਾ ਹੈ ਉਥੇ ਤਬਲਾ ਵਾਦਕ ਆਪਣੀ ਕਸਬੀ ਮੁਹਾਰਤ ਦਾ ਪ੍ਰਦਰਸ਼ਨ ਕਰਦਿਆਂ ਸਰਤਿਆਂ ਨੂੰ ਸੰਗੀਤ ਦੇ ਵਿਸ਼ੇਸ਼ ਮਾਹੌਲ ਵਿਚ ਪ੍ਰਵੇਸ਼ ਕਰਵਾਉਂਦਾ ਹੈ।

**2.ਮੰਗਲਾਚਰਣ**:– ਮੰਗਲਾਚਰਣ ਦੀ ਪਰੰਪਰਾ ਭਾਰਤੀ ਗਾਇਨ ਵਿੱਚ ਕਾਫੀ ਪੁਰਤਨ ਹੈ। ਸ਼ਬਦ ਕੀਰਤਨ ਚੌਕੀ ਵਿਚ ਉਸ ਅਕਾਲਪੁਰਖ ਅਤੇ ਗੁਰੂ ਸਾਹਿਬਾਨ ਦੀ ਉਸਤਤਿ ਵਿਚ, ਬੇਨਤੀ ਰੂਪ ਵਿਚ ਬਾਣੀ ਸਲੋਕ ਆਦਿ ਦਾ ਗਾਇਨ ਕੀਤਾ ਜਾਂਦਾ ਹੈ। ਇਹ ਤਾਲਬੱਧ ਰਚਨਾ ਹੈ। ਇਸਨੂੰ ਡੰਡਉਤ ਜਾਂ ਬੰਦਨਾ ਵੀ ਆਖਿਆ ਜਾਂਦਾ ਹੈ। ਇਸ ਲਈ ਏਕਤਾਲ, ਚਾਰਤਾਲ, ਆੜਾ-ਚੌਤਾਲ ਆਦਿ ਤਾਲ਼ਾਂ ਦੇ ਵਿਲੰਬਿਤ ਠੇਕਿਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

**3.ਸ਼ਬਦ ਗਾਇਨ**: ਮੰਗਲਾਚਰਣ ਉਪਰਾਂਤ ਰਾਗਾਤਮਕ ਅਤੇ ਵਿਸ਼ਾ ਅਨੁਕੂਲ ਸ਼ਬਦ ਗਾਇਣ ਦੀ ਵਾਰੀ ਹੈ। ਇਸ ਵਿਚ ਧਰੁਪਦ, ਖਿਆਲ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗਾਇਨ ਰੂਪਾਂ ਅਨੁਸਾਰ ਬਾਣੀ ਦਾ ਗਾਇਨ ਕੀਤਾ ਜਾਂਦਾ ਹੈ।

**4.ਪਉੜੀ ਲਗਾਉਣਾ**: ਸ਼ਬਦ ਕੀਰਤਨ ਚੌਕੀ ਦੇ ਅੰਤ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਾਰਾਂ ਵਿਚੋਂ ਸਮੇਂ ਅਨੁਸਾਰ ਸਲੋਕਾਂ ਦਾ ਗਾਇਨ ਕਰਕੇ ਪਉੜੀ ਲਗਾਈ ਜਾਂਦੀ ਹੈ। ਪਉੜੀ ਲਗਾਉਣ ਤੋਂ ਭਾਵ ਪਉੜੀ ਗਾਇਨ ਕਰਨ ਦੀ ਪਰੰਪਰਾ ਹੈ।

ਉਪਰੋਕਤ ਕ੍ਰਮ ਵਿਚ ਚਾਰ ਅੰਗਾਂ ਅਨੁਸਾਰ ਕੀਰਤਨ ਚੌਕੀ ਨੂੰ ਵਿਸਤਾਰ ਕੀਤਾ ਜਾਂਦਾ ਹੈ। ਸ਼ਬਦ ਕੀਰਤਨ ਚੌਕੀ ਤੋਂ ਇਕ ਭਾਵ ਕੀਰਤਨੀਆਂ ਦੀ ਗਿਣਤੀ ਚਾਰ ਹੋਣ ਤੋਂ ਵੀ ਲਿਆ ਜਾਂਦਾ ਹੈ। ਪਰ ਇਹ ਵਧੇਰੇ ਢੁਕਵਾਂ ਨਹੀਂ ਹੁੰਦਾ।

**ਵਿਭਿੰਨ ਸ਼ਬਦ ਕੀਰਤਨ ਚੌਕੀਆਂ ਦਾ ਇਤਿਹਾਸ ਵਿਕਾਸ**: ਗੁਰਮਤਿ ਸੰਗੀਤ ਦੇ ਇਤਿਹਾਸਕ ਵਿਕਾਸ ਦੇ ਸੰਦਰਭ ਵਿਚ ਵਿਭਿੰਨ ਕੀਰਤਨ ਚੌਕੀਆਂ ਹੇਠ ਲਿਖੇ ਅਨੁਸਾਰ ਪ੍ਰੱਚਲਿਤ ਸਨ: ਗੁਰੂ ਨਾਨਕ ਸਾਹਿਬ ਨੇ ਆਸਾ ਦੀ ਵਾਰ, ਸੋਦਰੁ ਅਤੇ ਆਰਤੀ ਦੀ ਚੌਕੀ ਦਾ ਪ੍ਰਚਲਨ ਕੀਤਾ। ਭਾਈ ਕਾਨ ਸਿੰਘ ਨਾਭਾ ਨੇ ਗੁਰੂ ਅਰਜਨ ਸਾਹਿਬ ਦੁਆਰਾ ਆਸਾ ਦੀ ਵਾਰ ਦੀ ਚੌਕੀ, ਚਰਨ ਕੰਵਲ ਦੀ ਚੌਕੀ, ਸੋਦਰ ਦੀ ਚੌਕੀ, ਕਲਿਆਣ ਦੀ ਚੌਕੀ, ਇਹ ਚਾਰ ਚੌਕੀਆਂ ਦਾ ਪ੍ਰਚਲਨ ਕੀਤਾ ਦਸਿਆ ਹੈ।[1] ਪਰੰਤੂ ਸਮੇਂ ਦੇ ਨਾਲ-ਨਾਲ ਕੀਰਤਨ ਚੌਕੀਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਗਿਆ ਹੈ।

---

1. ਮਹਾਨ ਕੋਸ਼, ਪੰਨਾ 449.

ਭਾਈ ਵੀਰ ਸਿੰਘ ਅਨੁਸਾਰ ਕੀਰਤਨ ਦੀਆਂ ਪੰਜ ਚੌਕੀਆਂ ਗੁਰਮਤਿ ਵਿਚ ਨਿਯਮਤ ਹਨ। ਇਹ ਪੰਜ ਚੌਕੀਆਂ ਹਨ:

1. ਪਿਛਲੀ ਰਾਤ ਪਹਿਰ ਰਾਤ ਰਹੀ ਤੇ 'ਆਸਾ ਦੀ ਵਾਰ'
2. ਦੂਜੀ ਚੌਕੀ 'ਆਨੰਦ' ਦੀ ਜੋ 11 ਤੋ 12 ਵਜੇ ਦੇ ਵਿਚਕਾਰ ਹੁੰਦੀ ਹੈ।
3. ਤ੍ਰਿਪਹਰੇ ਦੇ ਲਗਭਗ 'ਚਰਨ ਕੰਵਲ ਦੀ ਚੌਕੀ'
4. ਸੰਝ ਨੂੰ 'ਸੋ ਦਰ'ਦੀ ਚੌਕੀ
5. ਪਹਿਰ ਸਵਾ ਪਹਿਰ ਰਾਤ ਗਈ 'ਕੀਰਤਨ ਸੋਹਿਲਾ' ਦੀ ਹੈ।[1]

ਵਰਤਮਾਨ ਸਮੇਂ ਕੀਰਤਨ ਚੌਕੀਆਂ ਦੀ ਗਿਣਤੀ ਅੱਠ ਅਤੇ ਪੰਦਰਾਂ ਵੀ ਸਵੀਕਾਰੀ ਜਾਂਦੀ ਹੈ, ਜਿਨ੍ਹਾਂ ਵਿਚੋਂ ਅੱਠ ਚੌਕੀਆਂ ਰਾਗੀਆਂ ਦੀਆਂ ਸੱਤ ਰਬਾਬੀਆਂ ਦੀਆਂ ਪ੍ਰੱਚਲਿਤ ਸਨ।[2] ਉਪਰੋਕਤ ਚਰਚਾ ਦੇ ਆਧਾਰ 'ਤੇ ਕੀਰਤਨ ਚੌਕੀਆਂ ਦੀ ਗਿਣਤੀ ਨੂੰ ਅਸੀਂ ਹੇਠ ਲਿਖੇ ਕ੍ਰਮ ਅਨੁਸਾਰ ਵਾਚ ਸਕਦੇ ਹਾਂ:

1. ਤਿੰਨ ਪਹਿਰੇ ਦੀ ਚੌਕੀ
2. ਆਸਾ ਦੀ ਵਾਰ ਦੀ ਚੌਕੀ
3. ਬਿਲਾਵਲ ਦੀ ਚੌਕੀ
4. ਆਨੰਦ ਦੀ ਚੌਕੀ
5. ਚਰਨ ਕੰਵਲ ਦੀ ਚੌਕੀ
6. ਸੋ ਦਰੁ ਦੀ ਚੌਕੀ
7. ਆਰਤੀ ਦੀ ਚੌਕੀ
8. ਕਾਨੜੇ ਜਾਂ ਕਲਿਆਣ ਦੀ ਚੌਕੀ
9. ਕੀਰਤਨ ਸੋਹਿਲੇ ਦੀ ਚੌਕੀ

**1. ਤਿੰਨ ਪਹਿਰੇ ਦੀ ਚੌਕੀ**: ਇਹ ਚੌਕੀ ਸ੍ਰੀ ਹਰਿਮੰਦਰ ਸਾਹਿਬ ਦੇ ਕਿਵਾੜ ਖੁਲਣ ਤੋ ਪਹਿਲਾ ਰਾਤ ਦੇ ਤੀਸਰੇ ਪਹਿਰ ਵਿਚ ਲਗਾਈ ਜਾਂਦੀ ਹੈ, ਜਿਸ ਵਿਚ ਪ੍ਰਭੂ ਦਰਸ਼ਨ, ਗੁਰੂ ਦਰਸ਼ਨ ਆਦਿ ਦੇ ਵਿਸ਼ੇ ਨਾਲ ਸੰਬੰਧਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਜੀ (ਜਿਨ੍ਹਾਂ ਦੀ ਉਮਰ 125 ਸਾਲਾਂ ਦੀ ਸੀ) 78 ਵਰ੍ਹੇ ਇਸ ਕੀਰਤਨ ਚੌਕੀ ਵਿਚ ਸਾਰੰਦੇ ਸਾਜ਼ ਨਾਲ ਹਾਜ਼ਰੀ ਭਰਦੇ ਰਹੇ।

**2. ਆਸਾ ਦੀ ਵਾਰ ਦੀ ਚੌਕੀ**:-'ਆਸਾ ਦੀ ਵਾਰ ਦੀ ਚੌਕੀ' ਰਾਗ ਆਸਾ 'ਤੇ ਆਧਾਹਿਤ ਹੈ। ਇਸ ਚੌਕੀ ਵਿਚ 'ਆਸਾ ਦੀ ਵਾਰ' ਦਾ ਵੀ ਗਾਇਨ ਕੀਤਾ ਜਾਂਦਾ ਹੈ।

**3. ਬਿਲਾਵਲ ਦੀ ਚੌਕੀ**:–ਰਾਗ ਬਿਲਾਵਲ ਨਾਲ ਸੰਬੰਧਤ 'ਬਿਲਾਵਲ ਦੀ ਚੌਕੀ' ਵਿਚ ਰਾਗ ਬਿਲਾਵਲ ਵਿਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ।

**4. ਆਨੰਦ ਦੀ ਚੌਕੀ**: ਇਸ ਚੌਕੀ ਵਿਚ ਪੂਰਵ ਦੁਪਹਿਰ ਤੇ ਦੁਪਹਿਰ ਦੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਅਤੇ ਅੰਤ 'ਤੇ ਸਮੇਂ ਨਾਲ ਸੰਬੰਧਤ ਰਾਗ ਵਿਚ

---

1. ਗੁਰੂ ਗ੍ਰੰਥ ਕੋਸ਼, ਪੰਨਾ 882.
2. ਸਿਮ੍ਰਤੀ ਗ੍ਰੰਥ, ਅਦੁਤੀ ਗੁਰਮਤਿ ਸੰਗੀਤ ਸੰਮੇਲਨ, ਪੰਨਾ 17.

ਪਉੜੀ ਲਗਾ ਕੇ ਚੌਕੀ ਦੀ ਸਮਾਪਤੀ ਕੀਤੀ ਜਾਂਦੀ ਹੈ। ਇਸਨੂੰ 'ਸਾਰੰਗ ਦੀ ਚੌਕੀ' ਵੀ ਕਿਹਾ ਜਾਂਦਾ ਹੈ।

**5. ਚਰਨ ਕੰਵਲ ਦੀ ਚੌਕੀ**: ਇਸ ਚੌਕੀ ਦੇ ਅੰਤਰਗਤ ਦੁਪਹਿਰ ਤੋਂ ਬਾਅਦ ਦੇ ਰਾਗਾਂ ਵਿਚ ਗੁਰਬਾਣੀ ਗਾਇਨ ਕੀਤੀ ਜਾਂਦੀ ਹੈ। ਇਸਨੂੰ 'ਤਿਲੰਗ ਦੀ ਚੌਕੀ' ਵੀ ਆਖਿਆ ਜਾਂਦਾ ਹੈ।

**6. ਸੋ ਦਰੁ ਦੀ ਚੌਕੀ**: 'ਸੋ ਦਰੁ ਦੀ ਚੌਕੀ' ਵਿਚ ਸਮੇਂ ਨਾਲ ਸੰਬੰਧਤ ਸ਼ਬਦਾਂ ਤੋਂ ਇਲਾਵਾ 'ਸੋ ਦਰੁ ਦਾ ਗਾਇਨ ਕੀਤਾ ਜਾਂਦਾ ਹੈ। ਪਉੜੀ ਸ਼ੈਲੀ ਵਿਚ ਪਉੜੀ ਤਾਲ ਵਿਚ ਗਾਇਨ ਕੀਤਾ ਜਾਂਦਾ ਹੈ। ਸੋ ਦਰੁ ਦੇ ਗਾਇਨ ਤੋਂ ਬਾਅਦ 'ਰਹਿਰਾਸ ਸਾਹਿਬ' ਦਾ ਪਾਠ ਕਰਕੇ ਉਪਰੰਤ ਅਰਦਾਸ ਕਰਕੇ ਕੀਤੀ ਜਾਂਦੀ ਹੈ।

**7. ਆਰਤੀ ਦੀ ਚੌਕੀ**: 'ਆਰਤੀ ਦੀ ਚੌਕੀ' ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸ੍ਰੀ ਗੁਰੂ ਨਾਨਕ ਦੇਵ ਜੀ, ਭਗਤ ਰਵਿਦਾਸ, ਧੰਨਾ ਅਤੇ ਸੈਣ ਜੀ ਦੀ ਰਾਗ ਧਨਾਸਰੀ ਵਿਚ ਅਤੇ ਭਗਤ ਕਬੀਰ ਜੀ ਦੁਆਰਾ ਰਚਿਤ ਰਾਗ ਪ੍ਰਭਾਤੀ ਵਿਚ ਸ਼ਬਦਾਂ ਤੇ ਕੀਤੀ ਜਾਂਦੀ ਹੈ ।

**8. ਕਾਨੜੇ ਜਾਂ ਕਲਿਆਣ ਦੀ ਚੌਕੀ**: 'ਕਾਨੜੇ ਜਾਂ ਕਲਿਆਣ ਦੀ ਚੌਕੀ' ਅਤੇ 'ਆਰਤੀ ਦੀ ਚੌਕੀ' ਸੰਬੰਧੀ ਸਿੱਖ ਸੰਗੀਤਕਾਰਾਂ ਵਿੱਚ ਮੱਤ ਭੇਦ ਹੈ। ਕੁਝ ਸੰਗੀਤ ਵਿਦਵਾਨਾਂ ਨੇ 'ਆਰਤੀ ਦੀ ਚੌਕੀ' ਅਤੇ 'ਕਾਨੜੇ ਜਾਂ ਕਲਿਆਣ ਦੀ ਚੌਕੀ' ਨੂੰ ਇਕ ਮੰਨਿਆ ਹੈ ਪਰ ਕਈ 'ਆਰਤੀ ਦੀ ਚੌਕੀ' ਨੂੰ ਅੱਲਗ ਅਤੇ 'ਕਾਨੜੇ ਜਾਂ ਕਲਿਆਣ ਦੀ ਚੌਕੀ' ਨੂੰ ਅਲੱਗ ਦੂਸਰੀ ਚੌਕੀ ਮੰਨਦੇ ਹਨ। ਇਨ੍ਹਾਂ ਚੌਕੀਆਂ ਵਿਚ ਰਾਤ ਦੇ ਦੂਸਰੇ ਪਹਿਰ ਦੇ ਰਾਗਾਂ ਵਿਚ ਸ਼ਬਦ ਅਤੇ ਪਉੜੀ ਲਗਾਈ ਜਾਂਦੀ ਹੈ।

**9. ਕੀਰਤਨ ਸੋਹਿਲੇ ਦੀ ਚੌਕੀ**: ਸਵਾ ਪਹਿਰ ਰਾਤ ਗਈ ਤੇ 'ਕੀਰਤਨ ਸੋਹਿਲੇ ਦੀ ਚੌਕੀ' ਦਾ ਗਾਇਨ ਕੀਤਾ ਜਾਂਦਾ ਹੈ। ਇਸ ਚੌਕੀ ਦੇ ਅੰਤਰਗਤ ਸਮੇਂ ਦੇ ਰਾਗਾਂ ਅਨੁਸਾਰ ਸ਼ਬਦਾਂ ਦਾ ਗਾਇਨ ਕਰਨ ਉਪਰੰਤ ਕੀਰਤਨ ਸੋਹਿਲੇ ਦਾ ਪਾਠ ਕਰਨ ਤੋਂ ਬਾਅਦ ਅਰਦਾਸ ਕੀਤੀ ਜਾਂਦੀ ਹੈ।

ਉਪਰੋਕਤ ਕੀਰਤਨ ਚੌਕੀ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਵਿਭਿੰਨ ਗਾਇਨ ਰੂਪਾਂ ਦੇ ਆਧਾਰ ਤੇ ਸਮਾਜਿਕ ਜੀਵਨ ਨਾਲ ਸੰਬੰਧਤ ਭਿੰਨ-ਭਿੰਨ ਅਵਸਰਾਂ ਉਤੇ ਵੀ ਕੀਰਤਨ ਕਰਨ ਦੀ ਪਰੰਪਰਾ ਹੈ ਜਿਨ੍ਹਾਂ ਦੀ ਵਿਵਹਾਰਕ ਪਰੰਪਰਾ ਨੂੰ ਅਗੇ ਵਿਚਾਰ ਰਹੇ ਹਨ।

### 1. ਸਮਾਜਿਕ ਜੀਵਨ ਨਾਲ ਸਬੰਧਤ ਸ਼ਬਦ ਕੀਰਤਨ ਚੌਕੀਆਂ

ਗੁਰਮਤਿ ਸੰਗੀਤ ਦੀ ਵਿਵਹਾਰਕ ਕੀਰਤਨ ਪਰੰਪਰਾ ਸਿੱਖ ਧਰਮ ਵਿੱਚ, ਆਸਥਾ ਰੱਖਣ ਵਾਲੇ ਲੋਕਾਂ ਦੇ ਜੀਵਨ ਨਾਲ ਪੂਰਨ ਤੌਰ ਤੇ ਜੁੜੀ ਹੋਈ ਹੈ। ਸਿੱਖੀ ਜੀਵਨ ਦੇ ਆਰੰਭ (ਜਨਮ) ਤੋਂ ਲੈ ਕੇ ਅੰਤ (ਮੌਤ) ਤਕ ਵੱਖ-ਵੱਖ ਰਸਮਾਂ, ਰੀਤਾਂ ਸ਼ਬਦ ਕੀਰਤਨ ਨਾਲ ਸੁਸਜਿਤ ਹਨ। ਜੀਵਨ ਦੀ ਹਰ ਘੜੀ ਹਰ ਪਲ ਜਿੱਥੇ ਉਸ ਪ੍ਰਮਾਤਮਾ

ਨੂੰ ਧਿਆਉਣ ਦਾ ਅਤੇ ਨਿਰਮੋਲ ਕੀਰਤਨ ਦੁਆਰਾ ਹਰੀ ਜਸ ਦਾ ਆਦੇਸ਼ ਸਿੱਖ ਜਗਤ ਨੂੰ ਹੈ ਉਥੇ ਜੀਵਨ ਦੇ ਹਰ ਅਵਸਰ ਉਤੇ ਬਾਣੀ ਦੁਆਰਾ ਜੀਵ ਨੂੰ ਉਪਦੇਸ਼ ਦਿੱਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਸਮਾਜਿਕ ਜੀਵਨ ਦੇ ਪ੍ਰਸੰਗ ਵਿਚ ਵਾਚੀਏ ਤਾਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਗੁਰੂ ਸਾਹਿਬਾਨ ਸਾਨੂੰ ਸਾਡੇ ਸਭਿਆਚਾਰਕ ਜੀਵਨ ਦਾ ਅਧਿਆਤਮਕ ਬਦਲ ਦੇ ਰਹੇ ਹਨ। ਇਸ ਤਰ੍ਹਾਂ ਹਰ ਇਕ ਜੀਵਨ ਘਟਨਾ ਅਤੇ ਕਾਰ ਵਿਹਾਰ ਸੰਬੰਧੀ ਸਾਨੂੰ ਗੁਰਬਾਣੀ ਵਿਚੋਂ ਸ਼ਬਦ ਮਿਲ ਜਾਂਦੇ ਹਨ ਜਿਨ੍ਹਾਂ ਦਾ ਨਿਰਧਾਰਤ ਵਿਧੀ ਅਤੇ ਪਰੰਪਰਾ ਅਨੁਸਾਰ ਗਾਇਨ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਇਹ ਪਰੰਪਰਾ ਹੈ ਕਿ ਖੁਸ਼ੀ ਅਤੇ ਗ਼ਮੀ ਦੀ ਰਸਮ ਨਿਰਧਾਰਤ ਸ਼ਬਦ ਕੀਰਤਨ ਚੌਕੀ ਦੁਆਰਾ ਸੰਪੰਨ ਕੀਤੀ ਜਾਵੇ। ਗੁਰਮਤਿ ਸੰਗੀਤ ਦੇ ਨਿਪੁੰਨ ਗਾਇਕ (ਕੀਰਤਨੀਏ) ਇਸ ਸਮੇ ਸ਼ਾਸਤਰੀ ਅਤੇ ਲੋਕ ਅੰਗ ਦੀਆਂ ਵਿਭਿੰਨ ਸ਼ੈਲੀਆਂ ਦਾ ਗਾਇਨ ਕਰਦੇ ਆ ਰਹੇ ਹਨ ਜਿਨ੍ਹਾਂ ਦੀ ਇਕ ਸਥਾਪਿਤ ਪਰੰਪਰਾ ਹੈ।

*(ੳ) ਜਨਮ ਸਮੇਂ:* ਸਿੱਖ ਧਰਮ ਵਿਚ ਪ੍ਰਮਾਤਮਾ ਵਲੋਂ ਦਿੱਤੀ ਗਈ ਦਾਤ ਦਾ ਭਰਪੂਰ ਸ਼ੁਕਰਾਨਾ ਕੀਤਾ ਜਾਂਦਾ ਹੈ ਅਤੇ ਇਸ ਅਵਸਰ ਤੇ ਸ਼ਬਦ ਕੀਰਤਨ ਦੁਆਰਾ ਉਸ ਪ੍ਰਮਾਤਮਾ ਦਾ ਕੋਟਾਨ ਕੋਟ ਧੰਨਵਾਦ ਕੀਤਾ ਜਾਂਦਾ ਹੈ। ਇਸ ਅਵਸਰ ਉਤੇ ਸ਼ੁਕਰਾਨੇ/ਬਖ਼ਸ਼ਿਸ਼ ਦੇ ਸ਼ਬਦਾਂ ਤੋਂ ਇਲਾਵਾ ਬੱਚੇ ਦੇ ਜਨਮ ਨਾਲ ਸੰਬੰਧਿਤ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ ਜਿਵੇਂ:

- ਪੂਤਾ ਮਾਤਾ ਕੀ ਆਸੀਸ॥
  ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ
  ਸਦਾ ਭਜਹੁ ਜਗਦੀਸ॥੧॥[1]
- ਕੈਹਾ ਕੰਚਨੁ ਤੁਟੈ ਸਾਰੁ॥
  ਅਗਨੀ ਗੰਢੁ ਪਾਏ ਲੋਹਾਰੁ॥
  ਗੋਰੀ ਸੇਤੀ ਤੁਟੈ ਭਤਾਰੁ॥
  ਪੁਤੀ ਗੰਢੁ ਪਵੈ ਸੰਸਾਰਿ॥[2]

  ਗੁਝੀ ਛੰਨੀ ਨਾਹੀ ਬਾਤ॥

ਗੁਰੂ ਨਾਨਕੁ ਤੁਠਾ ਕੀਨੀ ਦਾਤਿ॥੪॥੭॥[3] ਆਦਿ। ਇਹ ਪਰੰਪਰਾ ਹੁਣ ਸਥਾਪਿਤ ਹੋ ਚੁੱਕੀ ਹੈ ਅਤੇ ਇਸਦਾ ਗਾਇਨ ਜ਼ਰੂਰੀ ਸਮਝਿਆ ਜਾਂਦਾ ਹੈ।

*(ਅ) ਕੁੜਮਾਈ ਤੇ ਮਿਲਣੀ ਸਮੇਂ ਦੀ ਕੀਰਤਨ ਪਰੰਪਰਾ:* ਲੜਕੇ-ਲੜਕੀ ਨੂੰ, ਵਿਆਹੁਣ ਹਿਤ ਕੁੜਮਾਈ ਦੀ ਰਸਮ ਸਮੇਂ ਰਾਗੀ ਸਿੰਘਾਂ ਵੱਲੋਂ ਹੋਰ ਸ਼ਬਦਾਂ ਤੋਂ ਇਲਾਵਾ:

---

1. ਗੂਜਰੀ ਮਹਲਾ 5, ਆਦਿ ਗ੍ਰੰਥ, ਪੰਨਾ 496
2. ਵਾਰ ਮਾਝ ਕੀ ਸਲੋਕ ਮਹਲਾ 1, ਆਦਿ ਗ੍ਰੰਥ, ਪੰਨਾ 143
3. ਆਸਾ ਮਹਲਾ ੫,-ਉਹੀ- ਪੰਨਾ,396

ਸਤੁ ਸੰਤੋਖ ਕਰਿ ਭਾਉ
ਕੁੜਮੁ ਕੁੜਮਾਈ ਆਇਆ ਬਲਿ ਰਾਮ ਜੀਉ।[1]

ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਜਦੋ ਲੜਕੇ ਵਾਲੇ ਲੜਕੀ ਨੂੰ ਵਿਆਹੁਣ ਲਈ ਲੜਕੀ ਦੇ ਘਰ ਜਾਂਦੇ ਹਨ ਤਾਂ **ਮਿਲਣੀ ਸਮੇਂ** ਲੜਕੀ ਵਾਲਿਆਂ ਵਲੋਂ: ''ਹਮ ਘਰਿ ਸਾਜਨ ਆਏ ਸਾਚੈ ਮੇਲਿ ਮਿਲਾਏ''[2] ਸ਼ਬਦ ਬਿਨਾਂ ਸਾਜ਼ ਤੋਂ ਗਾਇਨ ਕਰਨ ਦੀ ਪਰੰਪਰਾ ਹੈ।

*(ੲ) ਆਨੰਦ ਕਾਰਜ:* ਗੁਰਮਤਿ ਸੰਗੀਤ ਪਰੰਪਰਾ ਵਿਚ ਵਿਆਹ ਦੀ ਰਸਮ ਦਾ ਵੀ ਆਪਣਾ ਵਿਲੱਖਣ ਰੂਪ ਹੈ। ਵਿਆਹ ਦੀ ਸੰਪੂਰਣ ਰਸਮ ਨੂੰ 'ਆਨੰਦ ਕਾਰਜ' ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੁਆਰਾ ਰਚਿਤ ਅਜਿਹੇ ਛੰਤਾਂ ਦੀ ਰਚਨਾ ਮਿਲਦੀ ਹੈ[3] ਜਿਨ੍ਹਾਂ ਦਾ ਸਿੱਖ ਧਰਮ ਵਿਚ ਵਿਆਹ ਦੀ ਰਸਮ ਵੇਲੇ, ਉਚਾਰਨ ਦੇ ਨਾਲ ਪ੍ਰਕਰਮਾ ਲੈ ਕੇ ਰਸਮ ਪੂਰਣ ਹੁੰਦੀ ਹੈ। ਸਿੱਖ ਜਗਤ ਵਿਚ ਬਿਨ੍ਹਾਂ ਛੰਤਾਂ ਨੂੰ ਲਾਂਵ ਨਾਮ ਨਾਲ ਸੰਬੋਧਿਤ ਕੀਤਾ ਜਾਂਦਾ ਹੈ ਪਰ ਬਾਣੀ ਵਿਚ ਲਾਂਵ ਸਿਰਲੇਖ ਨਹੀ ਹੈ। ਇਨ੍ਹਾਂ ਛੰਤਾਂ ਦੀ ਬਾਂਵ ਕ੍ਰਮ ਨਾਲ ਆਰੰਭ ਅਤੇ ਸਮਾਪਤੀ ਹੁੰਦੀ ਹੈ। ਇਨ੍ਹਾਂ ਵਿਚ ਪਤੀ ਪਤਨੀ ਦੇ ਰੂਪਕ ਤੋਂ ਜੀਵਾਤਮਾ ਅਤੇ ਪ੍ਰਮਾਤਮਾ ਦੇ ਮਿਲਣ ਤੋਂ ਸੰਬੰਧਿਤ ਭਾਵਾਂ ਦਾ ਚਿਤ੍ਰਣ ਕੀਤਾ ਗਿਆ ਹੈ।

ਵਿਆਹ ਦੀ ਰਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਸਾਹਮਣੇ ਕੀਤੀ ਜਾਂਦੀ ਹੈ। ਇਸ ਵਿੱਚ ਸਭ ਤੋਂ ਪਹਿਲਾਂ 'ਆਸਾ ਦੀ ਵਾਰ' ਦਾ ਕੀਰਤਨ ਹੁੰਦਾ ਹੈ, ਇਸ ਤੋਂ ਬਾਅਦ ਕਾਰਜ ਨੂੰ ਨੇਪਰੇ ਚਾੜਨ ਲਈ ਪ੍ਰਮਾਤਮਾ ਅੱਗੇ ਅਰਜੋਈ ਵਜੋਂ:

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ॥[4]

ਸ਼ਬਦ ਦਾ ਗਾਇਨ ਕੀਤਾ ਜਾਂਦਾ ਹੈ। ਜਦੋਂ ਲੜਕੀ ਦਾ ਪਿਤਾ ਲੜਕੀ ਦੇ ਹੱਥ ਪੱਲਾ ਫੜਾਉਂਦਾ ਹੈ ਤਾਂ ਉਸ ਸਮੇਂ:

ਉਸਤਤਿ ਨਿੰਦਾ ਨਾਨਕ ਜੀ
ਮੈ ਹਭ ਵੰਞਾਈ ਛੋੜਿਆ
ਹਭੁ ਕਿਛੁ ਤਿਆਗੀ॥
ਹਭੇ ਸਾਕ ਕੂੜਾਵੇ ਡਿਠੇ
ਤਉ ਪਲੈ ਤੈਡੈ ਲਾਗੀ ॥੧॥[5]

---

1. ਰਾਗੁ ਸੂਹੀ ਮਹਲਾ, ਉਹੀ ਪੰਨਾ 773
2. ਰਾਗੁ ਸੂਹੀ ਮਹਲਾ ੧, ਉਹੀ ਪੰਨਾ 764
3. ਸੂਹੀ ਮਹਲਾ ੪, ਆਦਿ ਗ੍ਰੰਥ, ਪੰਨਾ 773-774
4. ਸਿਰੀ ਰਾਗ ਕੀ ਵਾਰ ਮਹਲਾ, ਸਲੋਕ ਮ:੧ ਪਉੜੀ, ਆਦਿ ਗ੍ਰੰਥ,ਪੰਨਾ 91
2. ਸਲੋਕ ਮ:੫, ਆਦਿ ਗ੍ਰੰਥ, ਪੰਨਾ 963

ਸ਼ਬਦ ਗਾਇਆ ਜਾਂਦਾ ਹੈ। ਇਨ੍ਹਾਂ ਸ਼ਬਦਾਂ ਤੋਂ ਇਲਾਰਾ ਮੌਕੇ ਅਨੁਸਾਰ ਅਤੇ ਉਸ ਸਮੇਂ ਦੇ ਰਾਗਾਂ ਵਿੱਚ ਹੈਠ ਲਿਖੇ ਸ਼ਬਦਾ ਦਾ ਗਾਇਨ ਕੀਤਾਂ ਜਾਂਦਾ ਹੈ:

ਗਾਉ ਗਾਉ ਰੀ ਦੁਲਹਨੀ ਮੰਗਲਚਾਰਾ।
ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥[1]

- ਇਹੁ ਮਨੁ ਸੁੰਦਰਿ ਆਪਣਾ ਹਰਿਮਾਮਿ ਮਜੀਠੈ ਰੰਗਿ ਰੀ॥
ਤਿਆਗਿ ਸਿਆਣਪ ਚਾਤੁਰੀ ਤੂੰ ਜਾਣੁ ਗੁਪਾਲਹਿ ਸੰਗਿ ਹੀ॥੧॥[2]

- ਨ ਮੈ ਰੂਪੁ ਨ ਬੰਕੇ ਨੈਣਾ॥

ਨ ਕੁਲ ਢੰਗ ਨ ਮੀਠੇ ਬੈਣਾ॥੧॥[3]ਆਦਿ। ਇਸ ਤੋਂ ਬਾਅਦ ਲਾਵਾਂ ਦਾ ਪਾਠ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਭਾਈ ਸਾਹਿਬ ਪਹਿਲਾਂ ਇਕ ਲਾਂਵ ਪੜਦੇ ਹਨ ਜੋ ਵਿਅਹੰਦੜ ਜੋੜੀ ਹਜ਼ੂਰੀ ਵਿਚ ਹਜ਼ੂਰੀ ਵਿੱਚ ਬੈਠ ਕੇ ਧਿਆਨ ਨਾਲ ਸੁਣਦੀ ਹੈ। ਫਿਰ ਕੀਰਤਨੀਏ ਉਸ ਲਾਂਵ ਨੂੰ ਗਾ ਕੇ ਪੜਦੇ ਹਨ ਅਤੇ ਇਸ ਦੌਰਾਨ ਵਿਅਹੰਦੜ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੀ ਹੈ। ਇਸ ਤਰ੍ਹਾਂ ਵਾਰੋ ਵਾਰੀ ਲਾਵਾਂ ਪੜੀਆਂ ਜਾਂਦੀਆ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਹੀ ਪ੍ਰਕਰਮਾ ਲਈਆ ਜਾਂਦੀਆਂ ਹਨ। ਇਸ ਤੋਂ ਉਪਰੰਤ 'ਆਨੰਦ ਸਾਹਿਬ' ਦਾ ਗਾਇਨ ਕੀਤਾ ਜਾਂਦਾ ਹੈ। ਅਨੰਦ ਸਾਹਿਬ ਦੇ ਗਾਇਨ ਕਰਨ ਤੋਂ ਬਾਅਦ 'ਵੀਆਹੁ ਹੋਆ ਮੇਰੇ ਬਾਬੂਲਾ' ਸ਼ਬਦ ਦਾ ਗਾਇਨ ਕਰਕੇ ਸਮਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ। ਇਸ ਤਰ੍ਹਾਂ ਇਹ 'ਆਨੰਦ ਕਾਰਜ' ਦੀ ਰਸਮ ਪੂਰਨ ਹੁੰਦੀ ਹੈਂ।

*(ਸ) ਮੌਤ ਉਪਰੰਤ ਰਸਮਾਂ ਸਮੇਂ ਸ਼ਬਦ ਕੀਰਤਨ ਚੌਕੀ:* ਗੁਰਮਤਿ ਸੰਗੀਤ ਵਿੱਚ ਹਰ ਖੁਸ਼ੀ, ਗਮੀ ਦੇ ਮੌਕੇ ਤੇ ਪਰਮਾਤਮਾ ਦੇ ਗੁਣ ਗਾਇਨ ਕਰਨ ਅਤੇ ਮਨ ਵਿੱਚ ਵਸਾਉਣ ਦੀ ਪਰੰਪਰਾ ਹੈ। ਇਸੇ ਤਰ੍ਹਾਂ ਪ੍ਰਾਣੀ ਦੇ ਅਕਾਲ ਚਲਾਣੇ ਤੇ ਜਦੋਂ ਤਕ ਦੇਹ ਹੈ, ਮਾਰੂ ਰਾਗ ਵਿਚ ਸ਼ਬਦ ਅਤੇ ਮਾਰੂ ਦੀ ਵਾਰ ਦਾ ਗਾਇਨ ਕੀਤਾ ਜਾਂਦਾ ਹੈ ਮਗਰੋਂ ਦੇਹ ਨੂੰ ਦਾਹ ਦੇਣ ਮਗਰੋਂ ਵਡਹੰਸ ਰਾਗ ਦੀਆਂ ਅਲਾਹੁਣੀਆਂ[4] ਗਾਇਨ ਕਰਨ ਦਾ ਆਦੇਸ਼ ਹੈ। ਇਸ ਤੋਂ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਜਾਂਦਾ ਹੈ ਅਤੇ ਸਮੇਂ ਦੇ ਨਿਰਧਾਰਤ ਰਾਗਾਂ ਵਿਚ ਮੌਕੇ ਅਨੁਸਾਰ ਸਬਦਾਂ ਦਾ ਗਾਇਨ ਕੀਤਾ ਜਾਂਦਾ ਹੈ

ਇਨ੍ਹਾਂ ਸ਼ਬਦਾਂ ਵਿਚ ਸੰਸਾਰ ਦੀ ਨਾਸ਼ਮਾਨਤਾ, ਅਨਮੋਲ ਮਨੁੱਖੀ ਜੀਵਨ ਵਿਚ ਚੰਗੇ ਕਰਮ ਕਰਨ, ਅੰਤ ਸਮਾਂ ਯਾਦ ਰੱਖਣ ਤੇ ਸਮਾਜਿਕ ਕਾਰ ਵਿਹਾਰ ਕਰਦੇ ਸਮੇਂ ਮਾਇਆ ਵਲੋਂ ਉਪਰਾਮ ਹੋਕੇ ਪ੍ਰਮਾਤਮਾ ਨੂੰ ਯਾਦ ਕਰਨ ਦਾ ਸੰਦੇਸ਼ ਹੈ। ਇਨ੍ਹਾਂ

---

1. ਆਸਾ ਕਬੀਰ ਜੀਉ-ਉਹੀ-, ਪੰਨਾ 482
2. ਆਸਾ ਮਹਲਾ ਪ,-ਉਹੀ-,ਪੰਨਾ 400
3. ਰਾਗੁ ਸੂਹੀ ਅਸਟਪਦੀਆਂ ਮਹਲਾ 1,-ਉਹੀ-,ਪੰਨਾ 750
4. ਸਲੋਕ ਮਹਲਾ 5, ਆਦਿ ਗ੍ਰੰਥ, ਪੰਨਾ 963

ਸ਼ਬਦਾਂ ਦੇ ਗਾਇਨ ਕਰਨ ਤੋਂ ਉਪਰੰਤ ਸ੍ਰੀ 'ਅਨੰਦ ਸਾਹਿਬ' ਦਾ ਗਾਇਨ ਕਰਕੇ ਸਮਾਪਤੀ ਕੀਤੀ ਜਾਂਦੀ ਹੈ।

**ਮੌਸਮਾਂ (ਰੁੱਤਾਂ) ਨਾਲ ਸੰਬੰਧਿਤ / ਸ਼ਬਦ ਚੌਕੀਆਂ**

ਗੁਰਮਤਿ ਸੰਗੀਤ ਪਰੰਪਰਾ ਵਿੱਚ ਕੀਰਤਨ ਲਈ ਰੁੱਤ ਅਤੇ ਮਹੀਨੇ ਦਾ ਵੀ ਵਿਸ਼ੇਸ਼ ਮਹੱਤਵ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਰਾਮਾਹ ਵਿਚੋਂ ਮਹੀਨੇ ਨਾਲ ਸੰਬੰਧਿਤ ਸ਼ਬਦ ਦਾ ਹਰ ਮਹੀਨੇ ਸੰਗਰਾਂਦ ਦੇ ਦਿਹਾੜੇ ਤੇ ਪਾਠ ਅਤੇ ਗਾਇਨ ਕਰਨ ਦੀ ਪ੍ਰਥਾ ਹੈ। ਪ੍ਰਕ੍ਰਿਤੀ ਦਾ ਮਨ ਨਾਲ ਅਟੁੱਟ ਸੰਬੰਧ ਹੋਣ ਤੇ ਕਵੀ ਬਾਰਾਂ ਮਹੀਨਿਆਂ ਵਿਚ ਹੋਏ ਰੁੱਤ ਪਰਿਵਰਤਨ ਨੂੰ ਆਧਾਰ ਮੰਨ ਕੇ ਉਸ ਪ੍ਰਭੂ ਦੇ ਵਿਛੋੜੇ ਵਿੱਚ ਆਪਣੇ ਮਨੋਭਾਵਾਂ ਨੂੰ ਪ੍ਰਗਟਾਉਂਦਾ ਹੈ। ਇਹ ਕੋਈ ਛੰਦ ਜਾਤਿ ਨਹੀਂ । ਕਿਸੇ ਵੀ ਛੰਦ ਵਿਚ ਬਾਰਾਂ ਮਹੀਨਿਆਂ ਦੇ ਵਰਨਣ ਹੋਣ ਕਰਕੇ ਇਹ ਸੰਗਯਾ ਹੋ ਜਾਂਦੀ ਹੈ।[1] ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੀ ਨਾਨਕ ਦੇਵ ਜੀ ਦੁਆਰਾ ਰਚਿਤ ਬਾਰਾਮਾਹ ਰਾਗ ਦੁਖਾਰੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਗ ਮਾਝ ਅੰਤਰਗਤ ਬਾਰਾਮਾਹ ਅੰਕਿਤ ਹੈ। ਬਾਰਾਮਾਹ ਤੁਖਾਰੀ ਵਿੱਚ ਉਸ ਪ੍ਰਭੂ ਦੇ ਵਿਯੋਗ ਦੀ ਪੀੜਾ ਦਾ ਚਿਤ੍ਰਣ ਹੈ ਅਤੇ ਅੰਤਿਮ ਛੰਤ ਵਿਚ ਇਹ ਵਿਯੋਗ ਪੀੜਾ, ਪ੍ਰਭੂ ਦੇ ਮਿਲਾਪ, ਸੰਜੋਗ ਤੋਂ ਖੁਸ਼ੀ ਵਿਚ ਪਰਿਵਰਤਿਤ ਹੋ ਜਾਂਦੀ ਹੈ ਅਤੇ ਬਾਰਾਮਾਹ ਮਾਝ ਵਿਚ ਵੀ ਮਨੁੱਖ ਦੇ ਜੀਵਨ ਨੂੰ ਦਰਸਾਇਆ ਹੋਇਆ ਅਧਿਆਤਮਕ ਬੋਧ ਦੇ ਲਕਸ਼ ਨੂੰ ਪ੍ਰਾਪਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਬਾਰਾਮਾਹ ਛੰਤ ਰੂਪ ਵਿਚ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਦੋਵੇਂ ਬਾਰਾਮਾਹ ਵਿਚ ਗਾਇਨ ਦੇ ਵਿਸ਼ਿਸ਼ਟ ਵਿਧਾਨ ਲਈ ਰਹਾਉ ਵਰਗੇ ਸੰਕੇਤ ਨਹੀਂ ਹਨ।

ਬਸੰਤ ਰੁਤ ਵਿੱਚ ਰਾਗ ਬਸੰਤ ਦਾ ਵਿਸ਼ੇਸ਼ ਸਥਾਨ ਹੈ। ਗੁਰਮਤਿ ਸੰਗੀਤ ਪਰੰਪਰਾ ਵਿੱਚ ਮਾਘੀ ਦੀ ਸੰਗਰਾਂਦ ਦੇ ਦਿਹਾੜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਸਾਹਿਬ ਰਾਗੀ ਸਿੰਘਾਂ ਨੂੰ ਫੁੱਲ ਭੇਟ ਕਰਕੇ ਬਸੰਤ ਰਾਗ ਖੋਲ੍ਹਣ ਦੀ ਬੇਨਤੀ ਕਰਦੇ ਹਨ। ਇਸ ਦਿਨ ਤੋਂ ਹਰ ਕੀਰਤਨ ਚੌਕੀ ਵਿੱਚ ਬਸੰਤ ਰਾਗ ਦਾ ਗਾਇਨ ਲਾਜ਼ਮੀ ਕੀਤਾ ਜਾਂਦਾ ਹੈ। ਬਸੰਤ ਰਾਗ ਖੁਸ਼ੀ ਭਰਿਆ, ਖੇੜਾ ਲਿਆਉਣ ਵਾਲਾ ਰਾਗ ਹੈ ਪਰ ਇਨ੍ਹਾਂ ਦਿਨਾਂ ਵਿੱਚ ਚਾਹੇ ਕੋਈ ਖੁਸ਼ੀ ਹੋਵੇ ਜਾਂ ਗ਼ਮੀ, ਹਰ ਸਮਾਗਮ ਤੇ ਇਸ ਰਾਗ ਵਿੱਚ ਸ਼ਬਦ ਅਤੇ ਪਉੜੀ ਲਗਾਉਣ ਦੀ ਮਰਿਆਦਾ ਹੈ। ਬਸੰਤ ਰਾਗ ਦੇ ਗਾਇਨ ਕਰਨ ਦੀ ਇਹ ਪ੍ਰਕ੍ਰਿਆ ਹੋਲੇ ਮਹੱਲੇ ਤਕ ਇਸ ਤਰ੍ਹਾਂ ਹੀ ਜਾਰੀ ਰਹਿੰਦੀ ਹੈ ਅਤੇ ਇਨ੍ਹਾਂ ਦਿਨਾਂ ਵਿੱਚ ਸਾਰੰਗ ਰਾਗ ਬਿਲਕੁਲ ਨਹੀਂ ਗਾਇਆ ਜਾਂਦਾ । ਜੇ ਕੋਈ ਗਾਇਕ (ਕੀਰਤਨੀਆਂ) ਕੀਰਤਨ ਸਮੇਂ ਬਸੰਤ ਰਾਗ ਵਿਚ ਸ਼ਬਦ ਗਾਇਨ ਨਹੀਂ ਕਰਦਾ ਤਾਂ ਉਹ ਰਾਗੀ ਕਿੰਨਾ ਸੰਗੀਤ ਵਿਦਵਾਨ ਹੀ ਕਿਉਂ ਨਾ ਹੋਵੇ ਉਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸਨੇ ਗੁਰਬਾਣੀ ਸੰਗੀਤ ਦੀ ਪਰੰਪਰਗਤ ਸਿਖਿਆ ਨਹੀਂ ਲਈ। ਬਸੰਤ ਰਾਗ ਦੀ ਹਰ ਕੀਰਤਨ ਚੌਕੀ ਵਿਚ ਗਾਇਨ ਕਰਨ ਦੀ ਸਮਾਪਤੀ ਲਈ ਵਿਸ਼ੇਸ਼ ਪਰੰਪਰਾ

1. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਛੰਦ ਦਿਵਾਕਰ ਪੰਨਾ 260

ਹੈ। ਹੋਲੇ ਮਹੱਲੇ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ 'ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਬਸੰਤ ਰਾਗ ਦੀ ਪਉੜੀ ਲਗਾ ਕੇ 'ਆਸਾ ਦੀ ਵਾਰ' ਅਤੇ ਬਸੰਤ ਰਾਗ ਦੀ ਸਮਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ ਅਤੇ ਇਸਤਰ੍ਹਾਂ ਰਾਗ ਬਸੰਤ ਦਾ ਗਾਇਨ ਅਗਾਮੀ ਸਾਲ ਤਕ ਬੰਦ ਕੀਤਾ ਜਾਂਦਾ ਹੈ। ਫਿਰ ਗੁਲਾਲ ਖੇਡਦੇ ਹੋਏ ਹੋਲੇ ਮਹੱਲੇ ਦਾ ਜਲੂਸ ਕੱਢਿਆ ਜਾਂਦਾ ਹੈ ਅਤੇ ਹੋਲੀ ਦੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ। ਜਿਸਦਾ ਅਸੀਂ ਪਹਿਲਾਂ ਜ਼ਿਕਰ ਕਰ ਆਏ ਹਾਂ।

ਸਾਵਣ ਮਹੀਨੇ ਵਿੱਚ ਮਲ੍ਹਾਰ ਰਾਗ ਦਾ ਰਾਜ ਹੁੰਦਾ ਹੈ। ਇਸਦਾ ਆਰੰਭ ਸਾਵਣ ਦੀ ਸੰਗਰਾਂਦ ਦੇ ਦਿਹਾੜੇ ਕੀਤਾ ਜਾਂਦਾ ਹੈ ਅਤੇ ਸਾਰਾ ਮਹੀਨਾ ਹਰ ਕੀਰਤਨ ਚੌਕੀ ਵਿੱਚ ਮਲ੍ਹਾਰ ਰਾਗ ਵਿੱਚ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ।

ਕੀਰਤਨ ਚੌਕੀਆਂ ਸੰਬੰਧੀ ਉਪਰੋਕਤ ਉਲੇਖ ਤੋਂ ਸਪਸ਼ਟ ਹੈ ਕਿ ਉਕਤ ਚੌਕੀਆਂ ਵੱਖ-ਵੱਖ ਰਾਗਾਂ ਤੇ ਆਧਾਰਿਤ ਸਨ ਜਿਨ੍ਹਾਂ ਵਿਚ ਰਾਗਾਂ ਅਨੁਸਾਰ ਸ਼ਾਸਤਰੀ ਅੰਦਾਜ਼ ਵਿਚ ਗੁਰਮਤਿ ਗਾਇਨ ਵਿਧੀ ਅਨੁਸਾਰ ਕਸਬੀ ਮੁਹਾਰਤ ਨਾਲ ਗਾਇਨ ਦੀ ਇਕ ਵਿਸ਼ਾਲ ਪਰੰਪਰਾ ਮੌਜੂਦ ਰਹੀ ਹੈ। ਇਨ੍ਹਾਂ ਕੀਰਤਨ ਚੌਕੀਆਂ ਦਾ ਕਿਰਿਆਤਮਕ ਪੱਖ ਅਜੇ ਹੋਰ ਵਿਸਤ੍ਰਿਤ ਸੰਗੀਤ ਅਧਿਐਨ ਦੀਆਂ ਸੰਭਾਵਨਾਵਾਂ ਰੱਖਦਾ ਹੈ ਜਿਸ ਤੋਂ ਗੁਰਮਤਿ ਸੰਗੀਤ ਸੰਬੰਧੀ ਹੋਰ ਕਈ ਸਿਧਾਂਤ, ਵੇਰਵੇ ਤੇ ਪੁਰਾਤਨ ਸੰਗੀਤਕ ਤੱਤ ਉਪੱਲਬਧ ਹੋਣ ਦੀ ਆਸ ਹੈ।

# ਗੁਰਮਤਿ ਸੰਗੀਤ ਵਿਚ ਰਾਗ ਗਉੜੀ ਤੇ ਉਸ ਦੇ ਪ੍ਰਕਾਰ

ਪ੍ਰੋ. ਸ਼ਮਸ਼ਾਦ ਅਲੀ

ਰਾਗ ਗਉੜੀ ਇਕ ਪ੍ਰਾਚੀਨ ਅਤੇ ਪ੍ਰਸਿਧ ਰਾਗ ਹੈ। ਗੁਰਮਤਿ ਸੰਗੀਤ ਵਿਚ ਇਹ ਇਕ ਮਹੱਤਵਪੂਰਣ ਰਾਗ ਹੈ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਮੁੱਖ 31 ਰਾਗਾਂ ਵਿਚ ਇਸ ਦੀ ਗਿਣਤੀ ਹੁੰਦੀ ਹੈ। ਆਦਿ ਗ੍ਰੰਥ ਵਿਚ ਰਾਗ ਗਉੜੀ ਅਤੇ ਉਸ ਦੇ ਪ੍ਰਕਾਰਾਂ ਵਿਚ ਬਹੁਤ ਸਾਰੀ ਬਾਣੀ ਅੰਕਿਤ ਹੈ, ਜਿਸ ਤੋਂ ਪਤਾ ਲਗਦਾ ਹੈ ਕਿ ਗਉੜੀ ਪੁਰਾਣੇ ਸਮੇਂ ਵਿਚ ਬੜੇ ਮਹੱਤਵ ਦਾ ਰਾਗ ਰਿਹਾ ਹੋਵੇਗਾ। ਸ੍ਰੀ ਗੁਰੂਗ੍ਰੰਥ ਸਾਹਿਬ ਵਿਚ ਰਾਗ ਗਉੜੀ ਬਾਰੇ ਗੁਰੂ ਅਰਜਨ ਦੇਵ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਹਨ:

''ਗਉੜੀ ਰਾਗਿ ਸੁਲੱਖਣੀ ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੈ, ਐਸਾ ਸੀਗਾਰੁ ਕਰੇਇ॥[1]

ਸ੍ਰੀ ਗੁਰੂ ਗ੍ਰੰਥ ਸਹਿਬ ਵਿਚ ਗਉੜੀ ਹੀ ਇਕ ਅਜਿਹਾ ਰਾਗ ਹੈ, ਜਿਸ ਦੇ ਸਭ ਰਾਗਾਂ ਤੋਂ ਜਿਆਦਾ ਪ੍ਰਕਾਰ ਦਰਜ ਹਨ। ਗੁਰੂ ਗ੍ਰੰਥ ਸਾਹਿਬ ਵਿਚ ਰਾਗ ਗਉੜੀ ਦੇ ਜੋ ਪ੍ਰਕਾਰ ਮਿਲਦੇ ਹਨ ਉਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

| | | |
|---|---|---|
| 1. ਗਉੜੀ ਗੁਆਰੇਰੀ | 2. ਗਉੜੀ ਦੱਖਣੀ | 3. ਗਉੜੀ ਬੈਰਾਗਣਿ |
| 4. ਗਉੜੀ ਚੇਤੀ | 5. ਗਉੜੀ ਦੀਪਕੀ | 6. ਗਉੜੀ ਪੂਰਬੀ ਦੀਪਕੀ |
| 7. ਗਉੜੀ ਪੂਰਬੀ | 8. ਗਉੜੀ ਮਾਝ | 9. ਗਉੜੀ ਮਾਲਵਾ |
| 10. ਗਉੜੀ ਮਾਲਾ | 11. ਗਉੜੀ ਸੋਰਠਿ | |

ਗੁਰਮਤਿ ਸੰਗੀਤ ਤੋਂ ਇਲਾਵਾ ਭਾਰਤੀ ਸੰਗੀਤ ਵਿੱਚ ਵੀ ਗਉੜੀ ਰਾਗ ਕਾਫੀ ਮਹੱਤਵ ਪੂਰਣ ਰਾਗ ਰਿਹਾ ਹੈ। ਭਾਰਤੀ ਸੰਗੀਤ ਦੇ ਗ੍ਰੰਥਾਂ ਵਿਚ ਇਸ ਨੂੰ ਕਈ ਨਾਮਾਂ ਨਾਲ ਲਿਖਿਆ ਗਿਆ ਮਿਲਦਾ ਹੈ, ਜਿਵੇਂ ਗੌਰੀ, ਗਵਰੀ, ਗਉਰੀ, ਗੌੜੀ ਆਦਿ। ਭਾਰਤੀ ਸੰਗੀਤ ਵਿਚ ਕੁਝ ਲੇਖਕਾਂ ਨੇ ਗਉੜੀ ਦੇ 12 ਪ੍ਰਕਾਰ ਮੰਨੇ ਹਨ ਅਤੇ ਇਸ ਨੂੰ ਇਕ ਪ੍ਰਮੁੱਖ ਰਾਗ ਵਜੋਂ ਸਵੀਕਾਰਦੇ ਹੋਏ ਇਸ ਨੂੰ ਰਾਗਾਂਗ ਰਾਗ ਨਾਲ ਸੰਬੰਧਿਤ ਕਰਦੇ ਹਨ। ਪੰਡਤ ਲੋਚਨ ਦੇ ਗ੍ਰੰਥ ਰਾਗ ਤਰੰਗਣੀ (14 ਵੀਂ ਸਦੀ) ਵਿਚ ਗੌਰੀ ਨੂੰ 12 ਮੇਲਾਂ ਜਾਂ ਥਾਟਾਂ ਵਿਚੋਂ ਇਕ ਮੰਨਿਆ ਹੈ ਅਤੇ ਮਾਲਵ, ਗੌਰੀ, ਚੇਤੀ, ਪਹਾੜੀ, ਗੌਰਾ ਆਦਿ ਇਸ ਤੋਂ ਉਤਪੰਨ ਹੋਣ ਵਾਲੀਆਂ ਰਾਗਣੀਆਂ ਹਨ। ਪੁੰਡਰੀਕ ਵਿਠੁਲ ਦੇ ਗ੍ਰੰਥ

---

1. ਗਉੜੀ ਕੀ ਵਾਰ ਮਹਲਾ ੫, ਸਲੋਕ ਮ: ੩ , ਆਦਿ ਗ੍ਰੰਥ, ਪੰਨਾ 311

'ਸਦਾਰਾਗ ਚੰਦਰੋਦਯ' ਅਤੇ ਸ੍ਰੀ ਕੰਠ ਦੇ ਗ੍ਰੰਥ 'ਰਸ ਕਮੌਦੀ' ਵਿਚ ਗੌਰੀ ਨੂੰ 'ਮਾਲਵ ਗੌੜ' ਮੇਲ ਤੋਂ ਉਤਪੰਨ ਰਾਗ ਮੰਨਿਆ ਗਿਆ ਹੈ। ਪੁੰਡਰੀਕ ਵਿਠੁਲ ਦੇ ਹੀ ਗ੍ਰੰਥ 'ਰਾਗ ਮਾਲਾ' ਵਿਚ ਗੌੜੀ ਨੂੰ ਸ੍ਰੀ ਰਾਗ ਦੀਆਂ ਪੰਜ ਰਾਗਣੀਆਂ ਵਿਚੋਂ ਇਕ ਮੰਨਿਆ ਗਿਆ ਹੈ। ਗ੍ਰੰਥਕਾਰ ਪੁੰਡਰੀਕ ਵਿਠੁਲ ਦੇ ਹੀ ਗ੍ਰੰਥ 'ਰਾਗ ਮੰਜਰੀ' ਵਿਚ ਇਸ ਨੂੰ 20 ਮੇਲਾਂ ਵਿਚੋਂ ਇਕ ਮੇਲ ਸਵੀਕਾਰਿਆ ਗਿਆ। ਇਸ ਤੋਂ ਇਲਾਵਾ ਰਾਗ ਰਾਗਣੀ ਵਰਗੀਕਰਣ ਨਾਲ ਸਬੰਧਤ ਪ੍ਰਚਲਿਤ ਵਿਭਿੰਨ ਮੱਤਾਂ ਵਿਚੋਂ ਸ਼ਿਵ ਮੱਤ ਅਤੇ ਕ੍ਰਿਸ਼ਣਮੱਤ ਵਿਚ ਗੌਰੀ ਨੂੰ ਸ੍ਰੀ ਰਾਗ ਦੀ ਰਾਗਣੀ, ਹਨੂੰਮਾਨ ਮੱਤ ਵਿੱਚ ਇਸ ਨੂੰ ਕੋਸ਼ਿਕ ਰਾਗ ਦੀ ਰਾਗਣੀ, ਰਾਗ ਰਾਣਵ ਮੱਤ ਵਿਚ ਇਸ ਨੂੰ ਮਾਲਵ ਗੌੜ ਰਾਗ ਦੀ ਰਾਗਣੀ ਤੇ ਭਰਤ ਮੱਤ ਵਿਚ ਗੌਰੀ ਨੂੰ ਮਾਲਕੌਂਸ ਰਾਗ ਦੀ ਰਾਗਣੀ ਮੰਨਿਆ ਗਿਆ ਹੈ।

ਉਪਰੋਕਤ ਅਧਿਐਨ ਤੋਂ ਪਤਾ ਲਗਦਾ ਹੈ ਕਿ ਰਾਗ ਗੌਰੀ ਪ੍ਰਾਚੀਨ ਸਮੇਂ ਵਿਚ ਭਾਰਤੀ ਸੰਗੀਤ ਵਿਚ ਕਾਫੀ ਪ੍ਰਸਿੱਧ ਰਾਗ ਰਿਹਾ ਹੈ। ਇਸ ਰਾਗ ਦਾ ਨਾਮ ਗਉੜੀ ਸ਼ਾਇਦ ਗੁਰਮਤਿ ਸੰਗੀਤ ਵਿਚ ਹੀ ਵਰਤਿਆ ਗਿਆ ਹੈ। ਗੁਰਮਤਿ ਸੰਗੀਤ ਰਿਚ **ਪ੍ਰਚਲਿਤ ਰਾਗ ਗਉੜੀ ਦੇ ਕਈ ਅਜਿਹੇ ਪ੍ਰਕਾਰ ਗੁਰੂ ਗ੍ਰੰਥ ਸਹਿਬ ਵਿਚ ਮੌਜੂਦ ਹਨ** ਜਿਹੜੇ ਹੋਰ ਕਿਸੇ ਭਾਰਤੀ ਸੰਗੀਤ ਦੇ ਗ੍ਰੰਥ ਵਿਚ ਨਹੀਂ ਮਿਲਦੇ, ਜਿਵੇਂ ਗਉੜੀ ਗੁਆਰੇਰੀ, ਗਉੜੀ ਦੱਖਣੀ, ਗਉੜੀ ਬੈਰਾਗਣਿ, ਗਉੜੀ ਦੀਪਕੀ, ਗਉੜੀ ਪੂਰਬੀ ਦੀਪਕੀ, ਗਉੜੀ ਮਾਲਵਾ ਅਤੇ ਗਉੜੀ ਮਾਲਾ। ਗੁਰੂ ਗ੍ਰੰਥ ਸਹਿਬ ਵਿਚ ਪ੍ਰਯੁਕਤ ਰਾਗ ਗਉੜੀ ਅਤੇ ਉਸ ਦੇ ਪਰਕਾਰਾਂ ਦੇ ਬਹੁਤ ਸਾਰੇ ਸਰੂਪ ਗੁਰਮਤਿ ਸੰਗੀਤ ਵਿੱਚ ਪ੍ਰਚਲਿਤ ਹਨ। ਪਰ ਜੋ ਸਰੂਪ ਸਰਣ ਪ੍ਰਵਾਣਿਤ ਹਨ ਅਤੇ ਜੋ 'ਅਦੁੱਤੀ ਗੁਰਮਤਿ ਸੰਮੇਲਨ' ਜਵੱਦੀ ਕਲਾਂ (ਲੁਧਿਆਣਾ) ਵਿਖੇ ਗੁਰਮਤਿ ਸੰਗੀਤ ਦੇ ਉਚਕੋਟੀ ਦੇ ਵਿਦਵਾਨਾਂ ਦੀ (ਰਾਗ ਨਿਰਣਾਇਕ ਕਮੇਟੀ) ਦੁਆਰਾ ਸਥਾਪਤ ਕੀਤੇ ਗਏ ਹਨ ਇਥੇ ਉਨ੍ਹਾਂ ਰਾਗਾਂ ਦੇ ਸਰੂਪ ਦਿੱਤੇ ਜਾ ਰਹੇ ਹਨ:-

**1. ਰਾਗ ਗਉੜੀ**

ਗਉੜੀ, ਗੰਭੀਰ ਪ੍ਰਕ੍ਰਿਤੀ ਦਾ ਰਾਗ ਹੈ। ਵਿਲਕਦੀ ਆਤਮਾ, ਕ੍ਰਿਪਾ ਦੀ ਜਾਚਨਾ ਕਰਦੀ ਹੈ, ਤੇ ਆਪੇ ਦੀ ਖੋਜ ਕਰਦੀ ਹੈ, ਇਸ ਲਈ ਇਸ ਰਾਗ ਵਿਚ ਗੁਰੂ ਸਾਹਿਬ ਨੇ, ਮਨ, ਮਤਿ, ਬੁਧੀ, ਆਤਮਾ, ਮੌਤ, ਮੁਕਤੀ, ਆਦਿਕ, ਗੰਭੀਰ ਵਿਸ਼ਿਆਂ ਵਿੱਚ, ਗੁਰਬਾਣੀ ਉਚਾਰਨ ਕੀਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ, ਸਭ ਤੋਂ ਵਧ ਬਾਣੀ ਇਸੇ ਰਾਗ ਵਿਚ ਹੈ। ਸੁਖਮਨੀ ਸਾਹਿਬ ਅਤੇ ਬਾਵਨ ਅਖਰੀ, ਜੀਵਨ ਦੇ ਸਾਰੇ ਮਤਾਂਤ ਦਾ ਤੱਤ ਦਰਸਾਉਂਦੀਆਂ ਹਨ। ਭਗਤ ਕਬੀਰ ਜੀ ਦੀ, ਸਭ ਤੋਂ ਵਧ ਬਾਣੀ, ਇਸੇ ਰਾਗ ਵਿਚ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫੁਰਮਾਨ ਹੈ- ਗਉੜੀ ਰਾਗ ਸੁਲਖਣੀ ਜੇ ਖਸਮੈ ਚਿਤਿ ਕਰੇਇ।। ਭਾਣੈ ਚਲੈ ਸਤਿਗੁਰੂ ਕੈ, ਐਸਾ ਸੀਗਾਰ ਕਰੇਇ।। ਗਉੜੀ ਦੀਆਂ 12 ਵੰਨਗੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਨ।

## 1. ਗਉੜੀ (ਭੈਰਵ ਅੰਗ)

1. ਅਰੋਹ - ਸ ਰੇੁ ਗ ਰੇੁ ਮ ਪ ਨੀ ਸਂ।
ਅਵਰੋਹ - ਸਂ ਨੀ ਧੁ ਮ ਪੁ, ਧੁ ਪ ਮ ਗ, ਗ ਰੇੁ ਸ ਨੀ ਸ।
2. ਸੁਰ - ਰੇ ਅਤੇ ਧ ਕੋਮਲ ਬਾਕੀ ਸ਼ੁਧ, ਅਰੋਹ ਵਿਚ ਧ ਵਰਜਿਤ
3. ਜਾਤੀ - ਸ਼ਾਡਵ- ਸੰਪੂਰਨ
4. ਸਮਾਂ - ਸ਼ਾਮ (ਰਾਤ ਦਾ ਪਹਿਲਾ ਪਹਿਰ)
5. ਵਾਦੀ - ਰੇੁ, ਸੰਵਾਦੀ - ਪ
6. ਮੁਖ ਅੰਗ - ਮ ਧੁ ਪ ਧੁ ਮ ਪ ਗ ਮ, ਰੇੁ ਗ ਰੇੁ ਸ ਨੀ ਸ।
7. ਸੁਰ ਵਿਸਥਾਰ - ਸ, ਨੀ, ਧੁ ਨੀ, ਰੇੁ ਗ ਰੇ ਮ, ਗ ਰੇੁ, ਸ ਰੇੁ, ਨੀ ਨੀ ਸ। ਨੀ ਸ, ਗ ਰੇੁ, ਗ ਰੇੁ ਸ, ਨੀ ਰੇੁ ਸ। ਨੀ ਨੀ ਸ ਰੇੁ ਗ ਰੇੁ ਗ ਰੇੁ, ਸ, ਮ, ਰੇੁ ਗ, ਰੇੁ ਸ, ਧੁ ਧੁ ਪ ਮ, ਪ ਧੁ ਨੀ ਸਂ, ਸਂ ਨੀ ਧੁ ਪ ਮ, ਧੁ ਧੁ ਪ ਮ ਗ ਰੇੁ ਗ, ਗ ਰੇੁ ਸ, ਗ ਰੇੁ ਨੀ ਸ ਨੀ ਰੇੁ ਸ।

## 2. ਗਉੜੀ ਗੁਆਰੇਰੀ

ਸੁਰ - ਰਿਸ਼ਭ ਕੋਮਲ, ਮਧਿਅਮ ਤੀਬਰ, ਬਾਕੀ ਸ਼ੁਧ
ਵਰਜਿਤ ਸੁਰ - ਆਰੋਹ ਵਿੱਚ ਰਿਸ਼ਭ ਅਤੇ ਪੰਚਮ। ਅਵਰੋਹ ਵਿੱਚ ਪੰਚਮ
ਜਾਤੀ - ਔੜਵ - ਸ਼ਾੜਵ, ਵਾਦੀ - ਗੰਧਾਰ,
ਸੰਵਾਦੀ - ਧੈਵਤ, ਸਮਾਂ - ਸ਼ਾਮ
ਆਰੋਹ - ਸ ਗ ਮ' ਧ, ਨੀ ਸਂ
ਅਵਰੋਹ - ਸਂ ਨੀ ਧ, ਮੇ ਗ ਰੇ ਸ, ਰੇ ਗ ਰੇ-ਸ ਨੀ।
ਮੁਖ ਅੰਗ - ਸਂ ਨੀ ਧ, ਮ' ਧ ਮ' ਗ਼ ਰੇ ਸ, ਰੇ ਗ-ਰੇ ਸ ਨੀ।
ਸੁਰ ਵਿਸਥਾਰ -
1. ਸ, ਨੀ ਸ, ਸ ਨੀ ਧ, ਨੀ ਸ, ਸ ਗ, ਮੇ ਗ ਰੇੁ ਗ ਰੇੁ ਸ ਨੀ ਸ।
2. ਸ, ਗ, ਗ ਮ' ਧ, ਮ' ਧ ਮ' ਗ, ਮ ਧ ਨੀ ਸਂ ਨੀ ਸਂ ਰੇਂ, ਸਂ ਨੀ, ਸਂ ਨੀ ਧੁ, ਮ' ਗ ਮ' ਗ ਰੇ ਸਂ, ਰੇ ਗ ਰੇ ਸਂ ਨੀ, ਸਂ।
3. ਗ, ਮ' ਗ ਮ' ਧ, ਨੀ ਸਂ, ਸਂ ਸਂ ਗਂ ਮ' ਗਂ ਰੇਂ ਸਂ, ਰੇਂ ਗਂ ਰੇਂ ਸਂ ਨੀ, ਸਂ, ਸਂ ਨੀ ਧ, ਮ' ਗ ਮ' ਧ, ਧ ਮ' ਗ ਰੇੁ ਗ ਰੇੁ ਸ ਨੀ ਸ।

## 3. ਗਉੜੀ ਦਖਣੀ

ਸੁਰ - ਰਿਸ਼ਭ, ਧੈਵਤ ਕੋਮਲ ਬਾਕੀ ਸੁਰ ਸ਼ੁੱਧ,
ਵਰਜਿਤ ਸੁਰ - ਆਰੋਹ ਵਿਚ ਗੰਧਾਰ ਤੇ ਧੈਵਤ
ਜਾਤੀ - ਔੜਵ - ਸੰਪੂਰਣ, ਵਾਦੀ - ਰਿਸ਼ਭ, ਸੰਵਾਦੀ - ਪੰਚਮ
ਸਮਾਂ ਸਵੇਰ ਦਾ ਪਹਿਲਾ ਪਹਿਰ
ਆਰੋਹ - ਸ ਰੇੁ, ਮ ਪ, ਨੀ ਸਂ
ਅਵਰੋਹ - ਸਂ ਨੀ ਧੁ ਪ, ਮ ਗ ਰੇੁ, ਸ
ਮੁਖ ਅੰਗ - ਸ ਰੇੁ ਮ ਪ, ਧੁ ਮ ਪ ਗ ਰੇੁ, ਸ
1. ਸ, ਸ ਨੀ ਧੁ, ਪ, ਮ ਪ, ਨੀ ਸ, ਨੀ ਸ ਰੇੁ ਸ, ਸ ਰੇੁ ਰੇੁ ਮ ਪ, ਧੁ ਮ ਪ ਗ ਰੇੁ, ਸ।
2. ਸ, ਰੇੁ ਮ ਪ, ਧੁ ਮ ਪ, ਧੁ ਪ, ਰੇੁ ਮ ਪ, ਮ ਪ ਨੀ ਸਂ, ਸਂ ਨੀ ਧੁ ਪ, ਮ ਪ ਨੀ ਧੁ ਪ, ਧੁ ਮ ਪ, ਮ ਗ ਰੇੁ ਸ।
3. ਪ, ਧੁ ਮ ਪ, ਨੀ ਸਂ, ਸਂ ਰੇੁ ਸਂ, ਰੇਂ ਮਂ ਪਂ, ਮਂ ਪਂ ਗਂ ਰੇਂ, ਸਂ ਨੀ ਸ ਰੇਂ ਸਂ, ਸਂ ਨੀ ਧੁ ਪ, ਧੁ ਮ ਪ, ਰੇੁ ਮ ਪ, ਨੀ ਧੁ ਪ, ਧੁ ਮ ਪ ਮ ਗ ਰੇੁ, ਸ।

## 4. ਗਉੜੀ ਬੈਰਾਗਣਿ (ਭੈਰਉ ਅੰਗ)

ਸੁਰ - ਰਿਸ਼ਭ, ਧੈਵਤ ਕੋਮਲ, ਦੋਵੇਂ ਨਿਸ਼ਾਦ ਬਾਕੀ ਸ਼ੁਧ,
ਵਰਜਿਤ ਸੁਰ - ਗੰਧਾਰ ਤੇ ਪੰਚਮ
ਜਾਤੀ - ਔੜਵ, ਵਾਦੀ - ਰਿਸ਼ਭ, ਸੰਵਾਦੀ - ਧੈਵਤ, ਸਮਾਂ - ਸਵੇਰ ਦਾ
ਆਰੋਹ - ਸ ਰੇ ਮ ਧੁ ਨੀ ਸਂ।
ਅਵਰੋਹ - ਸਂ ਨੀ ਸਂ, ਨੀ ਧੁ ਮ ਰੇ ਸ ਰੇ ਸ।
ਮੁਖ ਅੰਗ - ਸਂ ਰੇਂ ਨੀ ਸਂ ਨੀ, ਸਂ ਨੀ ਧੁ ਮ ਰੇ ਰੇ ਸ।
ਸੁਰ ਵਿਸਤਾਰ -
1. ਸ ਰੇ, ਸ, ਨੀ ਸ ਨੀ, ਧੁ ਨੀ ਸ ਨੀ, ਰੇ, ਮ' ਧੁ ਮ' ਰੇ ਰੇ, ਸ ਨੀ, ਸ।
2. ਸ ਰੇ ਰੇ ਮ' ਰੇ, ਰੇ ਮ' ਧੁ ਮ ਰੇ, ਮ' ਧੁ ਨੀ ਧੁ ਮ' ਰੇ, ਮ' ਧੁ, ਨੀ ਨੀ ਸਂ, ਸਂ ਨੀ ਸਂ, ਸਂ ਨੀ ਧੁ, ਮ' ਧੁ ਮ' ਰੇ, ਸ ਨੀ ਨੀ ਸ।
3. ਮ ਧੁ ਨੀ ਨੀ ਸਂ, ਸਂ ਰੇਂ ਨੀ ਸਂ ਨੀ, ਸ ਰੇ ਰੇ, ਮਂ ਰੇ ਨੀ ਨੀ ਸਂ, ਸਂ ਨੀ ਨੀ ਸਂ, ਨੀ ਧੁ ਮ, ਧੁ ਨੀ ਧੁ, ਮ ਰੇ ਰੇ, ਸਂ ਰੇ ਨੀ ਸ, ਨੀ ਨੀ ਸ।

## 5. ਰਾਗ ਗਉੜੀ ਚੇਤੀ

ਸੁਰ - ਰਿਸ਼ਭ ਅਤੇ ਧੈਵਤ ਕੋਮਲ। ਦੋਵੇਂ ਮਧਿਅਮ। ਬਾਕੀ ਸ਼ੁਧ
ਵਰਜਿਤ ਸੁਰ - ਆਰੋਹ ਵਿੱਚ ਗੰਧਾਰ।, ਜਾਤੀ - ਸ਼ਾੜਵ - ਸੰਪੂਰਨ,
ਵਾਦੀ - ਪੰਚਮ, ਸੰਵਾਦੀ - ਸ਼ੜਜ, ਸਮਾਂ - ਸ਼ਾਮ
ਆਰੋਹ - ਸ ਰੇ ਮ' ਪ, ਮ' ਧੁ ਨੀ ਸਂ।
ਅਵਰੋਹ - ਸਂ ਨੀ ਧੁ ਪ ਧੁ ਮ, ਪ ਮ' ਧੁ ਮ' ਗ ਰੇ ਗ ਰੇ ਸ।
ਮੁਖ ਅੰਗ - ਨੀ ਧੁ ਪ ਧੁ ਮ', ਮ' ਧੁ ਮ ਗ ਰੇ ਗ ਰੇ ਸ।
ਸੁਰ ਵਿਸਥਾਰ -
1. ਸ ਰੇ ਨੀ ਸ, ਰੇ ਨੀ ਸ, ਨੀ ਧੁ, ਪ, ਧੁ ਮ ਪ ਮ', ਮ' ਧੁ ਨੀ ਸ, ਸ ਰੇ ਗ, ਰੇ ਮ' ਪ, ਪ ਮ' ਧੁ ਪ, ਧੁ ਮ ਪ ਗ, ਰੇ ਗ ਰੇ ਸ।
3. ਪ ਮ' ਧੁ ਪ, ਧੁ ਨੀ ਧੁ ਪ, ਮ' ਧੁ ਨੀ ਸਂ, ਨੀ ਰੇਂ ਸਂ ਨੀ ਰੇਂ ਗਂ, ਰੇਂ ਗਂ ਰੇਂ ਸਂ, ਰੇਂ ਮ' ਗਂ ਰੇ, ਸਂ ਨੀ, ਨੀ ਸਂ ਨੀ ਧੁ ਪ, ਧੁ ਪ, ਧੁ ਮ ਪ ਗ, ਮ' ਧੁ ਮ' ਗ ਰੇ ਸ।

## 6. ਗਉੜੀ ਦੀਪਕੀ

ਸੁਰ - ਰਿਸ਼ਭ ਕੋਮਲ, ਮਧਿਅਮ ਤੀਬਰ ਬਾਕੀ ਸ਼ੁਧ।
ਵਰਜਿਤ ਸੁਰ - ਅਰੋਹ ਵਿਚ ਰਿਸ਼ਭ
ਜਾਤੀ - ਸ਼ਾੜਵ - ਸੰਪੂਰਨ, ਵਾਦੀ - ਸ਼ਾੜਵ, ਸੰਵਾਦੀ - ਪੰਚਮ
ਸਮਾਂ - ਰਾਤ ਦਾ ਪਹਿਲਾ ਪਹਿਰ
ਆਰੋਹ - ਸ ਗ ਮ' ਪ, ਮ' ਧ ਨੀ ਸਂ ਰੇਂ ਸਂ।
ਅਵਰੋਹ - ਸਂ ਨੀ ਧ ਪ, ਧ ਪ ਮ' ਗ ਸ, ਰੇ ਗ ਰੇ ਸ ਨੀ ਸ।
ਮੁਖ ਅੰਗ - ਧ ਪ ਮ' ਗ ਸ, ਰੇ ਗ ਰੇ ਸ ਨੀ ਸ।
ਸੁਰ ਵਿਸਥਾਰ -
1. ਸ ਨੀ ਸ ਰੇ ਸ ਨੀ, ਧ ਨੀ, ਸ ਰੇ ਸ, ਸ ਗ ਮ' ਪ, ਧ ਪ ਮ' ਗ, ਮ' ਗ ਸ, ਰੇ ਗ ਰੇ ਸ ਨੀ ਸ।
2. ਸ ਗ ਮ' ਪ, ਮ' ਧ ਨੀ ਧ ਪ, ਸ ਨੀ ਧ ਪ, ਧ ਪ ਮ' ਗ, ਸ ਗ ਮ' ਪ, ਪ ਮ' ਗ ਸ, ਰੇ ਗ ਰੇ ਸ।
3. ਪ ਮ' ਪ, ਮ' ਧ ਨੀ ਸਂ, ਨੀ ਸਂ ਰੇਂ ਸਂ ਰੇ ਸਂ ਨੀ, ਸ ਗਂ ਮ' ਗਂ ਸਂ, ਸਂ ਨੀ ਧ ਪ, ਨੀ ਧ ਪ ਮ' ਗ, ਸ ਗ ਮ' ਪ, ਧ ਪ ਮ' ਗ ਸ, ਰੇ ਗ ਰੇ ਸ ਨੀ ਸ।

## 7. ਗਉੜੀ ਪੂਰਬੀ ਦੀਪਕੀ

ਸੁਰ - ਰਿਸ਼ਭ ਕੋਮਲ, ਦੋਨੋਂ ਧੈਵਤ, ਦੋਨੋ ਮਧਿਅਮ ਬਾਕੀ ਸ਼ੁਧ
ਵਰਜਿਤ ਸੁਰ - ਕੋਈ ਨਹੀਂ, ਜਾਤੀ - ਸੰਪੂਰਨ, ਵਾਦੀ - ਪੰਚਮ
ਸੰਵਾਦੀ - ਸੜਜ ਸਮਾਂ - ਸ਼ਾਮ ਦਾ ਸੰਧੀ ਪ੍ਰਕਾਸ਼
ਆਰੋਹ - ਸ ਰੇ ਗ ਰੇ, ਮ' ਪ ਧੁ ਪ, ਮ' ਧੁ ਨੀ ਸਂ।
ਅਵਰੋਹ - ਸਂ ਨੀ ਧ ਸਂ ਨੀ ਧ ਪ, ਮ ਗ- ਮ ਗ- ਮ ਗ ਸ, ਰੇ ਗ ਰੇ ਸ ਨੀ ਸ।
ਮੁਖ ਅੰਗ - ਮ' ਧੁ ਪ, ਨੀ ਧ ਪ ਮ' ਗ- ਸ, ਰੇ ਗ ਰੇ ਸ ਨੀ, ਸ।
ਸੁਰ ਵਿਸਥਾਰ -
1. ਸ ਨੀ ਰੇ ਸ, ਨੀ ਧ ਪ ਮ ਧੁ ਨੀ ਸ, ਸ ਨੀ, ਰੇ ਸ, ਰੇ ਗ ਰੇ, ਸ, ਰੇ ਗ ਮ' ਪ, ਮ' ਧੁ ਪ,ਧ ਪ ਮ ਗ- ਮ ਗ,ਮ' ਗ ਸ,ਰੇ ਗ ਰੇ ਸ ਨੀ ਸ।
2. ਸ, ਰੇ ਗ ਰੇ, ਮ' ਪ ਧੁ ਪ, ਮ' ਧੁ ਨੀ ਸਂ, ਨੀ ਧ ਸਂ ਨੀ, ਰੇਂ ਸਂ, ਨੀ ਧ ਪ, ਮ' ਧੁ ਪ, ਧ ਪ ਮ' ਗ-ਮ ਗ, ਮ' ਗ ਸ, ਰੇ ਗ ਰੇ ਸ ਨੀ, ਸ।
3. ਪ, ਮ' ਪ ਧੁ ਪ ਮ' ਧੁ ਨੀ ਸਂ, ਨੀ ਰੇਂ ਸਂ, ਸਂ ਰੇਂ ਨੀ ਸਂ ਨੀ, ਰੇਂ ਗਂ ਰੇ ਸਂ, ਸਂ ਨੀ ਧ ਸਂ ਨੀ, ਰੇਂ ਸਂ, ਨੀ ਧੁ ਪ, ਮ' ਗ - ਮ ਗ, ਮ' ਗ ਸ, ਰੇ ਗ ਰੇ ਸ।

## 8. ਗਉੜੀ ਪੂਰਬੀ

ਸੁਰ - ਰਿਸ਼ਭ, ਧੈਵਤ ਕੋਮਲ, ਦੋਵੇਂ ਮਧਿਅਮ ਤੇ ਬਾਕੀ ਸ਼ੁਧ
ਵਰਜਿਤ ਸੁਰ - ਕੋਈ ਨਹੀਂ, ਜਾਤੀ - ਸੰਪੂਰਨ, ਵਾਦੀ - ਰਿਸ਼ਭ
ਸਵਾਦੀ - ਪੰਚਮ ਸਮਾਂ - ਸ਼ਾਮ ਦਾ ਪਹਿਲਾ ਪਹਿਰ
ਆਰੋਹ - ਸ, ਰੇ ਗ ਰੇ, ਗ ਮ' ਪ ਧੁ ਪ, ਨੀ ਸਂ।
ਅਵਰੋਹ - ਸਂ ਨੀ ਧੁ ਪ, ਮ' ਗ-ਮ ਗ, ਮ' ਗ ਰੁ, ਨੀ ਰੁ ਸ।
ਮੁਖ ਅੰਗ - ਪ ਮ' ਗ-ਮ ਗ, ਮ' ਗ ਰੁ ਸ, ਨੀ, ਧੁ ਸ ਨੀ, ਰੁ ਸ।
ਸੁਰ ਵਿਸਥਾਰ -
1. ਸ, ਨੀ ਧੁ ਸ ਨੀ ਰੁ ਸ, ਰੁ ਸ ਨੀ ਸ ਨੀ ਧੁ, ਨੀ, ਰੁ ਨੀ ਧੁ ਪ, ਮ' ਪ, ਮ' ਧੁ ਨੀ, ਨੀ ਰੁ ਸ।
2. ਸ ਰੁ ਗ ਰੁ, ਗ ਮ' ਗ ਰੁ, ਗ ਮ' ਪ, ਮ' ਗ-ਮ ਗ, ਮ' ਗ ਰੁ, ਨੀ ਰੁ ਸ।
3. ਗ ਮ' ਪ ਧੁ ਪ, ਮ' ਪ ਧੁ ਪ, ਨੀ ਸਂ, ਸਂ ਰੁਂ ਨੀ ਸਂ, ਨੀ, ਰੁਂ ਗਂ ਰੁਂ, ਸਂ, ਸਂ ਨੀ ਧੁ ਪ, ਮ' ਗ-ਮ ਗ ਮ' ਗ ਰੁ, ਸ, ਨੀ ਧੁ ਸ, ਨੀ, ਰੁ ਸ।

## 9. ਗਉੜੀ ਮਾਝ

ਸੁਰ - ਦੋਵੇਂ ਰਿਸ਼ਭ, ਦੋਵੇਂ ਗੰਧਾਰ, ਦੋਵੇਂ ਮਧਿਅਮ, ਦੋਵੇਂ ਧੈਵਤ ਤੇ ਦੋਵੇਂ ਨਿਸ਼ਾਦ
ਵਰਜਿਤ ਸੁਰ - ਕੋਈ ਨਹੀਂ, ਜਾਤੀ -ਸੰਪੂਰਨ
ਵਾਦੀ - ਪੰਚਮ, ਸੰਵਾਦੀ - ਸ਼ੜਜ, ਸਮਾਂ - ਸ਼ਾਮ
ਆਰੋਹ - ਸ ਰੁ ਗ ਰੁ, ਮ' ਪ ਧ ਪ, ਨੀ ਸਂ।
ਅਵਰੋਹ - ਸਂ ਨੁੀ ਧ ਪ, ਧ ਮ ਗ ਮ, ਰੇ ਪ ਗੁ, ਰੇ ਗੁ ਸ ਰੇ ਨੀ ਸ।
ਮੁਖ ਅੰਗ - ਰੁ ਗ ਮ' ਪ, ਧੁ ਪ ਮ' ਗ, ਨੀ ਧ ਪ ਮ ਗ ਮ, ਰੇ ਪ ਗੁ ਰੇ ਸ ਰੇ ਨੀ ਸ।
ਸੁਰ ਵਿਸਥਾਰ -
1. ਸ, ਰੁ ਗ ਰੇ, ਸ ਨੀ ਸ ਨੁੀ ਧ ਪ, ਮ' ਪ ਧੁ ਪ, ਨੀ ਸ, ਰੇ ਗ ਰੇ ਗ ਮ' ਪ, ਮ' ਪ ਧੁ ਪ, ਧ ਮ ਗ ਰੇ, ਪ ਗੁ ਰੇ ਗੁ ਸ ਰੇ ਨੀ ਸ
2. ਸ, ਨੀ ਸ ਰੁ ਸ, ਰੁ ਗ ਰੁ, ਮ' ਪ ਧੁ ਪ, ਨੀ ਧ ਪ, ਨੀ ਸਂ, ਸਂ ਨੀ ਧ ਪ, ਮ' ਧੁ ਪ, ਰੁ ਗ ਮ' ਪ, ਧ ਮ ਗ ਮ, ਰੇ ਪ, ਗੁ ਰੇ ਗੁ ਸ ਰੇ ਨੀ ਸ।
3. ਪ ਮ' ਪ ਧੁ ਪ, ਨੀ ਸਂ, ਰੁਂ ਗਂ ਰੁਂ, ਸਂ, ਨੀ ਸਂ ਰੁਂ ਸਂ, ਸਂ ਨੀ ਧ ਪ, ਮ' ਪ ਧੁ ਪ ਨੀ ਸਂ, ਸਂ ਨੀ ਧ ਪ, ਧ ਮ ਗ ਮ, ਰੇ ਪ ਗੁ ਰੇ ਗੁ ਸ ਰੇ ਨੀ ਸ।

## 10. ਗਉੜੀ ਮਾਲਵਾ

ਸੁਰ - ਰਿਸ਼ਭ, ਧੈਵਤ ਕੋਮਲ ਤੇ ਮਾਧਿਅਮ ਤੀਬਰ

ਵਰਜਿਤ ਸੁਰ - ਆਰੋਹ ਵਿਚ ਨਿਸ਼ਾਦ ਤੇ ਅਵਰੋਹ ਵਿੱਚ ਧੈਵਤ

ਜਾਤੀ - ਸ਼ਾੜਵ - ਸ਼ਾੜਵ, ਵਾਦੀ - ਰਿਸ਼ਭ

ਸੰਵਾਦੀ - ਪੰਚਮ, ਸਮਾਂ - ਦਿਨ ਦਾ ਚੋਥਾ ਪਹਿਰ

ਆਰੋਹ- ਸ ਰੁੇ ਗ ਰੁੇ ਸ, ਰੁੇ ਗ ਮ' ਪ ਧੁ ਸਂ।

ਅਵਰੋਹ - ਸਂ ਨੀ ਪ ਮ' ਗ ਰੇ ਸ।

ਮੁਖ ਅੰਗ - ਰੁੇ ਗ ਰੁੇ ਸ, ਨੀ ਪ ਮ' ਗ ਰੁੇ ਸ।

ਸੁਰ ਵਿਸਥਾਰ -
1. ਸ, ਰੁੇ ਗ ਰੁੇ ਸ, ਨੀ ਪ, ਮ' ਪ ਧੁ ਸ, ਰੁੇ ਗ ਰੁੇ, ਗ ਮ' ਪ, ਨੀ ਪ ਮ' ਗ ਰੁੇ, ਰੁੇ ਗ ਰੁੇ ਸ।
2. ਸ, ਧੁ ਸ, ਰੁੇ ਗ ਰੁੇ, ਰੁੇ ਗ ਮ' ਪ, ਮ' ਪ ਧੁ ਸਂ, ਰੁੇਂ ਸ, ਸਂ ਨੀ ਪ, ਮ' ਗ, ਰੁੇਂ ਗ ਮ' ਪ, ਧੁ ਸਂ ਨੀ ਪ ਮ' ਗ ਰੁੇ, ਰੁੇ ਗ ਰੁੇ ਸ।
3. ਪ, ਮ' ਪ, ਰੁੇ ਗ ਮ' ਪ, ਮ' ਪ ਧੁ ਸਂ, ਰੁੇਂ ਗਂ ਰੁੇਂ ਸਂ, ਸਂ ਨੀ ਪ, ਰੁੇ ਗ ਮ' ਪ, ਧੁ ਸਂ ਨੀ ਪ ਮ' ਗ ਰੁੇ, ਰੁੇ ਗ ਰੁੇ ਸ।

## 11. ਗਉੜੀ ਮਾਲਾ

ਸੁਰ - ਰਿਸ਼ਭ, ਗੰਧਾਰ, ਧੈਵਤ ਕੋਮਲ ਬਾਕੀ ਸੁਰ ਸ਼ੁਧ।

ਵਰਜਿਤ ਸੁਰ - ਕੋਈ ਨਹੀਂ, ਜਾਤੀ - ਸੰਪੂਰਨ

ਵਾਦੀ - ਧੈਵਤ, ਸੰਵਾਦੀ - ਰਿਸ਼ਭ ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੁੇ ਗੁ, ਮ ਪ ਧੁ, ਨੀ ਸਂ।

ਅਵਰੋਹ - ਸਂ ਨੀ ਧੁ ਪ, ਮ ਗੁ ਰੁੇ, ਸ।

ਮੁਖ ਅੰਗ - ਰੁੇ ਗੁ ਰੁੇ, ਸ, ਨੀ ਸ, ਧੁ, ਪ ਮ ਗੁ ਰੁੇ, ਸ।

ਸੁਰ ਵਿਸਥਾਰ -
1. ਸ ਰੁੇ ਨੀ ਸ ਨੀ, ਧੁ ਨੀ ਸ, ਗੁ ਰੁੇ ਸ, ਸ ਰੁੇ ਗੁ, ਮ ਪ ਧੁ ਪ, ਮ ਗੁ ਰੇ, ਸ।
2. ਸ ਰੁੇ ਗੁ ਮ ਪ ਧੁ ਪ, ਮ ਪ ਧੁ ਨੀ, ਨੀ ਧੁ ਪ, ਧੁ ਪ ਮ ਗੁ ਰੁੇ, ਨੀ ਸ।
3. ਮ ਪ ਧੁ, ਨੀ ਸਂ, ਰੁੇਂ ਨੀ ਸਂ ਨੀ, ਧੁ ਪ, ਪ ਧੁ ਨੀ ਸਂ, ਰੁੇਂ ਗੁਂ ਗੁਂ ਰੁੇਂ, ਸਂ ਨੀ ਧੁ, ਪ, ਮ ਪ ਧੁ ਨੀ, ਧੁ ਪ, ਮ ਗੁ ਰੁੇ, ਨੀ ਸ।

## 12. ਗਉੜੀ ਭੀ ਸੋਰਠਿ ਭੀ

ਸੁਰ - ਦੋਨੋਂ ਰਿਸ਼ਭ, ਦੋਨੋਂ ਮਧਿਅਮ, ਦੋਨੋਂ ਨਿਸ਼ਾਦ, ਦੋਨੋਂ ਧੈਵਤ

ਵਰਜਿਤ ਸੁਰ - ਗੰਧਾਰ - ਅਵਰੋਹ ਵਿਚ ਜਾਤੀ - ਸੰਪੂਰਨ - ਸ਼ਾੜਵ

ਵਾਦੀ - ਪੰਚਮ ਸੰਵਾਦੀ - ਸ਼ੜਜ ਸਮਾਂ - ਰਾਤ ਦਾ ਪਹਿਲਾ ਪਹਿਰ

ਆਰੋਹ - ਸ ਰੁੇ ਗ ਰੁੇ ਮ' ਪ ਮ' ਧੁ ਨੀ ਸਂ।

ਅਵਰੋਹ - ਸਂ ਨੀ ਧ ਪ ਮ ਰੁੇ ਨੀ ਸ।

ਮੁਖ ਅੰਗ - ਰੁੇ ਗ ਮ' ਪ ਧ ਮ ਰੇ, ਸ।

ਸੁਰ ਵਿਸਥਾਰ -
1. ਸ ਰੁੇ ਗ ਰੁੇ ਸ, ਨੀ ਧ ਪ ਮ' ਧੁ ਨੀ ਸ, ਰੁੇ ਗ ਰੁੇ ਗ ਮ' ਪ, ਪ ਮ ਰੇ ਨੀ ਸ।
2. ਸ ਰੁੇ ਗ ਰੁੇ ਗ ਮ' ਪ, ਧੁ ਮ' ਪ, ਮ' ਧੁ ਨੀ, ਮ' ਧੁ ਨੀ ਸਂ, ਸਂ ਰੇਂ ਨੀ ਧ ਪ, ਨੁੀ ਧ ਪ, ਮ ਰੇ ਸ ਨੀ ਸ।
3. ਮ' ਪ, ਮ' ਧੁ ਨੀ ਸਂ, ਰੇਂ ਸਂ ਰੇਂ ਗਂ ਰੇਂ ਗਂ ਰੇਂ ਸਂ, ਗਂ ਮ' ਪਂ, ਮਂ ਰੇਂ ਨੀ ਸਂ, ਸਂ ਰੇਂ ਨੀ ਧ ਪ, ਪ ਧ ਮ ਰੇ ਸ ਰੇ ਨੀ ਸ।

# ਗੁਰਮਤਿ ਸੰਗੀਤ ਵਿਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਨ੍ਹਾਂ ਦਾ ਮਹੱਤਵ

- ਸ਼ਮਸ਼ੇਰ ਸਿੰਘ ਕਰੀਰ (ਪ੍ਰਿੰ. ਰਿਟਾ.)

ਸੁਰ, ਤਾਲ, ਲੈਅ ਆਦਿ ਦੇ ਵੱਖ -ਵੱਖ ਅੰਗਾਂ 'ਤੇ ਆਧਾਰਿਤ ਸੰਗੀਤ ਨੂੰ ਈਸ਼ਵਰੀ ਬਾਣੀ ਕਿਹਾ ਜਾਂਦਾ ਹੈ। ਜੋ ਬ੍ਰਹਮ ਰੂਪ ਹੀ ਹੈ। ਸੰਗੀਤ ਨੂੰ ਮਾਨਵ ਭਾਵਨਾਵਾਂ ਨੂੰ ਵਿਅਕਤ ਕਰਨ ਦਾ ਸਭ ਤੋਂ ਉੱਤਮ ਸਾਧਨ ਮੰਨਿਆ ਗਿਆ ਹੈ। ਮਾਨਵ ਮਨ ਦਾ ਜੋ ਸਬੰਧ ਸੰਗੀਤ ਨਾਲ ਹੈ ਉਹ ਸ਼ਾਇਦ ਹੀ ਕਿਸੇ ਕਲਾ ਨਾਲ ਹੋਵੇ। ਇਸੇ ਲਈ ਗੁਰੂ ਰਾਬਿੰਦਰ ਨਾਥ ਟੈਗੋਰ ਨੇ ਕਿਹਾ ਹੈ ਕਿ ਸ਼ਬਦਾਂ ਦਾ ਅੰਤ ਸੰਗੀਤ ਦਾ ਆਰੰਭ ਹੈ। ਸੰਗੀਤ ਵਿਚ ਗਾਇਨ, ਵਾਦਨ ਅਤੇ ਨ੍ਰਿਤ ਤਿੰਨੋਂ ਕਲਾਵਾਂ ਦਾ ਸਮੁੱਚਾ ਰੂਪ ਹੈ। ਆਰੰਭ ਕਾਲ ਤੋਂ ਸੰਗੀਤ ਵਿਚ ਗਾਇਨ, ਵਾਦਨ ਅਤੇ ਨ੍ਰਿਤ ਦੀ ਆਪਣੀ ਆਪਣੀ ਵਿਸ਼ੇਸ਼ਤਾ ਹੈ ਪਰ ਵਾਦਨ ਸੰਗੀਤ ਅਜਿਹੀ ਕਲਾ ਹੈ ਜਿਸ ਦੇ ਸਹਾਰੇ ਤੋਂ ਬਿਨਾਂ ਗਾਇਨ ਅਤੇ ਨ੍ਰਿਤ ਆਪਣਾ ਪੂਰਨ ਰੂਪ ਸਪਸ਼ਟ ਕਰਨ ਵਿੱਚ ਅਸਮਰਥ ਹਨ। ਵਾਦਨ ਸੰਗੀਤ ਸੁਰ ਅਤੇ ਲੈਅ ਦੁਆਰਾ ਦੂਜੀ ਕਲਾ ਦੀ ਸਹਾਇਤਾ ਤੋਂ ਬਿਨਾਂ ਆਪਣੇ ਖੇਤਰ ਨੂੰ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਹਰ ਸਾਜ਼ ਦਾ ਆਪਣਾ ਸੁਤੰਤਰ ਸਰੂਪ, ਵਾਦਨ ਤਕਨੀਕ ਅਤੇ ਨਿੱਜੀ ਪ੍ਰਯੋਗਾਤਮਿਕ ਵਿਸ਼ੇਸ਼ਤਾ ਹੈ। ਉਦਾਹਰਨ ਦੇ ਤੌਰ ਤੇ ਮੰਦਿਰ ਵਿਚ ਪੂਜਾ ਲਈ ਘੰਟਾ, ਘੰਟੀ, ਸ਼ੰਖ ਆਦਿ ਸਾਜ਼, ਯੁੱਧ ਖੇਤਰ ਵਿਚ, ਦੁੰਦਭੀ, ਤਬਲ, ਨਗਾਰਾ, ਢੋਲ ਆਦਿ ਸਾਜ਼। ਭਾਵ ਹਰ ਸਾਜ਼ ਦੇ ਪ੍ਰਯੋਗ ਤੋਂ ਇਕ ਵਿਸ਼ੇਸ਼ ਸੰਕੇਤ ਮਿਲਦਾ ਹੈ। ਇਥੇ ਇਹ ਗਲ ਵੀ ਧਿਆਨ ਯੋਗ ਹੈ ਕਿ ਕਈ ਸ਼ਾਸਤਰੀ ਸੰਗੀਤ ਦੇ ਪ੍ਰਯੋਗ ਜਿਵੇਂ ਸੁਰ ਉਤਪਤੀ, ਸੁਰ ਅੰਤਰਾਲ, ਸੁਰ ਸਥਾਨ ਨੂੰ ਸਪਸ਼ਟ ਕਰਨ ਲਈ ਕਿਸੇ ਨਾ ਕਿਸੇ ਸਾਜ਼ ਦਾ ਸਹਾਰਾ ਲੈਣਾ ਪੈਂਦਾ ਹੈ। ਮਹਾਂਰਿਸ਼ੀ ਭਰਤ ਤੇ ਸ਼ਾਰੰਗ ਦੇਵ (ਸੰਗੀਤ ਰਤਨਾਕਰ) ਨੇ 'ਸਾਰਣਾ ਚਤੁਸ਼ਟਈ' ਦੁਆਰਾ ਸ਼ਰੁਤੀਆਂ ਨੂੰ ਸਮਾਨ ਸਿੱਧ ਕਰਨ ਲਈ ਦੋ ਸਮਾਨ ਵੀਣਾਣਾਂ ਦਾ ਸਹਾਰਾ ਲਿਆ। ਵਿਗਿਆਨਿਕਾਂ ਨੇ ਟਿਊਨਿੰਗ ਫੋਕ (Tunning Fork) ਅਤੇ ਮੀਨੂਕਾਡ ਆਦਿ ਸਾਜ਼ਾਂ ਦੁਆਰਾ ਸੁਰਾਂ ਦੇ ਭੇਦਾਂ ਨੂੰ ਸਪਸ਼ਟ ਕੀਤਾ।

ਸਾਜ਼ਾਂ ਦੀ ਮਹੱਤਤਾ ਦੇ ਸਬੰਧ ਵਿਚ ਮਹਾਰਿਸ਼ੀ ਭਾਰਤ ਨੇ ਅਪਨੇ ਗ੍ਰੰਥ ਨਾਟਯ ਸ਼ਾਸਤਰ ਵਿਚ ਇਸ ਤਰ੍ਹਾਂ ਲਿਖਿਆ ਹੈ ਕਿ ਗੀਤ ਸਾਜ਼ ਦਾ ਮਹੱਤਵ ਈਸ਼ਵਰ ਪ੍ਰਾਪਤੀ ਲਈ ਕੀਤੇ ਗਏ ਜਪ, ਇਸ਼ਨਾਨ ਆਦਿ ਤੋਂ ਕਈ ਗੁਣਾਂ ਜ਼ਿਆਦਾ ਹੈ। ਇਸੀ ਤਰ੍ਹਾਂ ਡਾ.ਬੀ. ਸੀ. ਦੇਵਾ ਨੇ ਆਪਣੀ ਪੁਸਤਕ An Introduction to Indian Music ਵਿਚ ਇਥੋਂ ਤਕ ਦੱਸਿਆ ਹੈ ਕਿ ਸਾਜ਼ਾਂ ਦੇ ਇਤਿਹਾਸ ਅਤੇ ਵਿਕਾਸ 'ਤੋਂ

- ਸਾਬਕਾ ਮੁਖੀ, ਪੋਸਟਗਰੈਜੂਏਟ ਸੰਗੀਤ ਵਿਭਾਗ, ਸਰਕਾਰੀ ਕਾਲਜ (ਲੜਕੀਆਂ), ਪਟਿਆਲਾ

ਕਿਸੇ ਦੇਸ਼ ਜਾਂ ਸਮਾਜ ਦੀ ਸੰਸਕ੍ਰਿਤੀ ਤੋਂ ਸੰਗੀਤ ਦੀ ਝਲਕ ਮਿਲਦੀ ਹੈ। ਭਾਰਤੀ ਸੰਗੀਤ ਜਾਂ ਵਿਸ਼ਵ ਦੇ ਕਿਸੇ ਵੀ ਦੇਸ਼ ਦਾ ਸੰਗੀਤ ਕਿਉਂ ਨਾ ਹੋਵੇ ਉਸ ਵਿਚ ਅਨੇਕ ਪ੍ਰਕਾਰ ਦੇ ਸਾਜ਼ਾਂ ਦਾ ਆਪਣਾ -ਆਪਣਾ ਵਿਸ਼ੇਸ਼ ਸਥਾਨ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਆਵਾਜ ਤੇ ਸਾਜ਼ ਦਾ ਇਕ ਦੂਜੇ ਨਾਲ ਅਜਿਹਾ ਅਟੁੱਟ ਸਬੰਧ ਹੈ ਜੋ ਪਰੰਪਰਾਗਤ ਚਲਿਆ ਆ ਰਿਹਾ ਹੈ। ਸਾਜ਼ਾਂ ਵਿਚ ਅਜਿਹੀ ਸ਼ਕਤੀ ਹੈ ਜੋ ਆਪਣੀ ਨਿਜ਼ੀ ਵਿਸ਼ੇਸ਼ਤਾ ਦੁਆਰਾ ਵਾਤਾਵਰਣ ਦਾ ਅਨੁਭਵ ਕਰਾਉਣ ਵਿਚ ਸਮਰਥ ਹੈ। ਹਰ ਸਾਜ਼ ਕਿਸੇ ਨਾ ਕਿਸੇ ਸ਼ੈਲੀ ਦਾ ਪ੍ਰਤੀਕ ਹੁੰਦਾ ਹੈ। ਇਹੀ ਨਹੀਂ ਸਗੋਂ ਵੱਖ-ਵੱਖ ਸਾਜ਼ ਹਰ ਦੇਸ਼, ਪ੍ਰਾਂਤ ਆਦਿ ਦੇ ਸੰਕੇਤਕ ਚਿੰਨ੍ਹ ਹਨ। ਉਦਾਹਰਣ ਦੇ ਤੌਰ 'ਤੇ ਤਬਲਾ, ਹਰਮੋਨੀਅਮ, ਸਿਤਾਰ, ਸਰੋਦ ਆਦਿ ਤੋਂ ਭਾਰਤ ਦਾ, ਪਿਆਨੋ, ਗਿਟਾਰ, ਸੇਕਸੋਫੋਨ, ਬੇਸ ਵਾਇਲਨ, ਸਾਈਡ ਡ੍ਰਮ ਤੋਂ ਪੱਛਮੀ ਦੇਸ਼ਾਂ ਦੇ ਸੰਗੀਤ ਦਾ ਸੰਕੇਤ ਮਿਲਦਾ ਹੈ। ਭਾਰਤ ਵਿੱਚ ਸਾਰੰਗੀ, ਤਬਲਾ, ਤਾਨਪੁਰਾ, ਸਿਤਾਰ, ਸਰੋਦ ਆਦਿ ਤੋਂ ਹਿੰਦੁਸਤਾਨੀ ਸੰਗੀਤ ਅਤੇ ਮ੍ਰਿਦੰਗਮ, ਨਾਗਸਵਰਮ, ਘਟਮਵਾਦਮ, ਸਰਸਵਤੀ, ਬੀਣਾ, ਆਦਿ ਤੋਂ ਕਰਨਾਟਕ ਸੰਗੀਤ ਦਾ ਸੰਕੇਤ ਮਿਲਦਾ ਹੈ।

ਗੁਰਮਤਿ ਸੰਗੀਤ ਭਾਰਤੀ ਸੰਗੀਤ ਪਰੰਪਰਾ ਦਾ ਇਕ ਵਿਸ਼ੇਸ਼ ਅੰਗ ਹੈ। ਜਿਸਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਰਾ ਨਿਰਧਾਰਤ ਸੰਗੀਤ ਪਰੰਪਰਾ ਹੈ। ਇਸ ਸੰਗੀਤ ਪਰੰਪਰਾ ਵਿਚ ਸ਼ਬਦ ਦੀ ਪ੍ਰਧਾਨਤਾ ਹੈ ਅਤੇ ਸ਼ਬਦ ਦੇ ਪ੍ਰਕਾਸ਼ ਅਤੇ ਸੰਚਾਰ ਲਈ ਵਿਸ਼ੇਸ਼ ਪ੍ਰਕਾਰ ਦਾ ਸੰਗੀਤ ਪ੍ਰਬੰਧ ਸਿਰਜਿਆ ਗਿਆ ਹੈ ਜਿਸ ਸੰਬੰਧੀ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਅਨੇਕ ਹਵਾਲੇ ਪ੍ਰਾਪਤ ਹੋ ਜਾਂਦੇ ਹਨ। ਇਥੇ ਹਹੀ ਬਸ ਨਹੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਸਫਲ ਕੀਰਤਨ ਪ੍ਰਸਤੁਤੀ ਦੇ ਲੱਛਣ ਵੀ ਦੱਸੇ ਹਨ, ਜਿਸ ਅਨੁਸਾਰ ਸ਼ਬਦ ਕੀਰਤਨ ਕਲਾਤਮਕ ਹੋਣ ਦੀ ਬਜਾਏ ਸ਼ਬਦ ਪ੍ਰਧਾਨ ਗਾਇਕੀ 'ਤੇ ਆਧਾਰਿਤ ਹੈ। ਇਸ ਕਿਸਮ ਦੀ ਕੀਰਤਨ ਪ੍ਰਸਤੁਤੀ ਵਿਚ ਹਉਮੈ ਦਾ ਤਿਆਗ, ਆਪਾ ਸਮਰਪਣ ਵੀ ਬੁਨਿਆਦੀ ਤੌਰ 'ਤੇ ਲਾਜ਼ਮੀ ਹੈ। ਕਲਾ ਦਾ ਆਡੰਬਰ ਅਤੇ ਪ੍ਰਲੋਭਨ ਦਾ ਗੁਰਮਤਿ ਸੰਗੀਤ ਵਿਚ ਕੋਈ ਸਥਾਨ ਨਹੀਂ। ਇਥੇ ਕਲਾ ਦਾ ਪ੍ਰਯੋਗ ਕੇਵਲ ਬਾਣੀ ਦੇ ਸੰਚਾਰ ਵਿਚ ਹੀ ਹੋਣਾ ਹੈ ਇਸ ਲਈ ਵਿਭਿੰਨ ਕਲਾ ਤੱਤਾਂ ਦਾ ਪ੍ਰਯੋਗ ਪ੍ਰਕਾਸ਼ਨ ਤੇ ਵਿਸਤਾਰ ਉਨ੍ਹਾਂ ਕੁ ਹੀ ਸੰਭਵ ਹੈ ਜਿਸ ਨਾਲ ਸ਼ਬਦ ਜਾਂ ਬਾਣੀ ਦੇ ਭਾਵ ਪ੍ਰਕਾਸ਼ਨ ਵਿਚ ਵੱਧ ਤੋਂ ਵੱਧ ਸਹਾਇਤਾ ਮਿਲ ਸਕੇ। ਜਦੋਂ ਕਿਤੇ ਵੀ ਸ਼ਬਦ ਦੀ ਪ੍ਰਧਾਨਤਾ ਨਾਲੋਂ ਕਲਾ ਦੀ ਪ੍ਰਧਾਨਤਾ ਹੋਣ ਲਗੇਗੀ ਅਸੀਂ ਆਪਣੇ ਮੂਲ ਉਦੇਸ਼ ਨਾਲੋਂ ਵਿਛੜ ਜਾਵਾਂਗੇ। ਗੁਰਮਤਿ ਸੰਗੀਤ ਵਿਚ ਅਨੇਕ ਸਾਜ਼ ਪ੍ਰਯੋਗ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਰਬਾਬ ਪ੍ਰਮੁੱਖ ਹੈ। ਇਸ ਸਾਜ਼ ਦੀ ਚੋਣ ਸੰਬੰਧੀ ਕੁੱਝ ਵਿਸ਼ੇਸ਼ ਕਾਰਣ ਸਾਡੇ ਸਾਹਮਣੇ ਦ੍ਰਿਸ਼ਟੀਗੋਚਰ ਹੁੰਦੇ ਹਨ। ਸਰਬ ਪ੍ਰਥਮ ਇਹ ਸਾਜ਼ ਮੱਧਕਾਲ ਵਿਚ ਵਿਸ਼ਵ ਭਰ ਦੇ ਸੈਲਾਨੀਆਂ ਵਿਚ ਕਾਫੀ ਪ੍ਰਸਿੱਧ ਰਿਹਾ ਹੈ। ਵਿਸ਼ੇਸ਼ ਕਰਕੇ ਅਰਬ ਦੇਸ਼ ਤੋਂ ਆਉਣ ਵਾਲੇ ਵਪਾਰੀ ਇਸਦਾ ਪ੍ਰਯੋਗ ਕਰਦੇ ਰਹੇ ਹਨ। ਇਸਦਾ ਵਿਸ਼ੇਸ਼ ਕਾਰਣ ਇਸਦੇ ਆਕਾਰ ਦੀ ਸਫਰ ਲਈ ਵਿਸ਼ੇਸ਼ ਸਹੂਲੀਅਤ ਸੀ। ਦੂਸਰਾ ਕਾਰਨ ਵਿਸ਼ੇਸ਼ ਇਹ ਸੀ ਕਿ ਇਹ ਸਾਜ਼ ਵਿਸ਼ਵ ਪ੍ਰਸਿੱਧ ਜਾਣਿਆ ਪਛਾਣਿਆ ਸਾਜ਼ ਸੀ। ਇਸਦੀ

ਤੀਸਰਾ ਪ੍ਰਮੁੱਖ ਕਾਰਣ ਇਹ ਸੀ ਕਿ ਗੁਰਮਤਿ ਸੰਗੀਤ ਇਕੋ ਸਮੇਂ ਸ਼ਾਸਤਰੀ ਅਤੇ ਲੋਕ ਸੰਗੀਤ ਦੇ ਸੰਮਿਲਤ ਵਜੋਂ ਉਜਾਗਰ ਹੋਇਆ। ਗੁਰੂ ਨਾਨਕ ਸਾਹਿਬ ਨੇ ਵਿਭਿੰਨ ਰਾਗਾਂ ਅਤੇ ਵੱਖ-ਵੱਖ ਸ਼ਾਸਤਰੀ ਅਤੇ ਲੋਕ ਗਾਇਨ ਰੂਪਾਂ ਦਾ ਪ੍ਰਯੋਗ ਕੀਤਾ। ਇਸ ਲਈ ਸਾਧੂ ਜੋਗੀਆਂ ਵਾਲੇ ਇਕ ਤਾਰੇ ਵਾਲੇ ਸਾਜ਼ਾਂ ਨਾਲੋਂ ਸੰਗਤ ਕਰਨ ਲਈ ਅਜਿਹੇ ਸਾਜ਼ ਦੀ ਜ਼ਰੂਰਤ ਸੀ ਜਿਸ ਉਤੇ ਇਨ੍ਹਾਂ ਰਾਗਾਂ ਅਤੇ ਗਾਇਨ ਰੂਪਾਂ ਦਾ ਵਾਦਨ ਸੰਭਵ ਹੋ ਸਕੇ। ਇਸ ਲਈ ਉਨ੍ਹਾਂ ਨੇ ਉਪਰੋਕਤ ਸਾਰੇ ਤੱਥਾਂ ਨੂੰ ਧਿਆਨ ਵਿਚ ਰੱਖਦਿਆਂ ਇਸ ਵਿਸ਼ੇਸ਼ ਪ੍ਰਕਾਰ ਦੇ ਲੋਕ ਸਾਜ਼ ਰਬਾਬ ਨੂੰ ਚੁਣਿਆ। ਇਸੇ ਤਰ੍ਹਾਂ ਹੀ ਗੁਰਮਤਿ ਸੰਗੀਤ ਵਿਚ ਪ੍ਰਚਲਿਤ ਹੋਰ ਸਾਜ਼ ਵੀ ਸਮੇਂ-ਸਮੇਂ ਉਤੇ ਗੁਰੂ ਸਾਹਿਬਾਨ ਨੇ ਹੋਰ ਸਾਜ਼ ਵੀ ਪ੍ਰਚੱਲਿਤ ਕੀਤੇ ਅਤੇ ਉਨ੍ਹਾਂ ਵਿਚ ਲੋੜੀਂਦੀ ਸੋਧ ਕੀਤੀ।

ਆਦਿ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜਿਥੇ ਅਨੇਕ ਪ੍ਰਕਾਰ ਦੇ ਰਾਗਾਂ, ਸੰਗੀਤਕ, ਅਤੇ ਨਰਿਤ ਸਬੰਧੀ ਸ਼ਬਦਾਂ ਦਾ ਵਰਨਣ ਮਿਲਦਾ ਹੈ ਉਥੇ ਅਨੇਕ ਪ੍ਰਕਾਰ ਦੇ ਸਾਜ਼ਾਂ ਦਾ ਉਲੇਖ ਵੀ ਵੱਖ-ਵੱਖ ਸ਼ਲੋਕਾਂ ਰਾਹੀਂ ਪ੍ਰਾਪਤ ਹੁੰਦਾ ਹੈ ਜਿਵੇਂ:- ਰਬਾਬ1, ਪਖਾਵਜ2, ਮੰਦਰੁ3, ਮੰਦਲ4, ਨੌਬਤ (ਨਗਾਰਾ)5, ਢੋਲਕ6, ਡਉਰੂ7, ਢੋਲ8, ਮਦੀਰੇ9, ਭੇਰੀ (ਨਗਾਰਾ)10, ਸ਼ਹਿਨਾਈ11, ਵੀਣਾ12, ਬੇਨੂ (ਬੰਸਰੀ)13, ਸਿੰਙੀ14, ਬੇਨ (ਇਕ ਪ੍ਰਕਾਰ ਦਾ ਤੰਤਰ ਸਾਜ਼)15, ਕਿੰਗੁਰੀ (ਇਕ ਤਾਰਾ)16, ਪੰਡਿਤ ਸ਼ਾਰੰਗ ਦੇਵ ਨੇ ਆਪਣੇ ਗ੍ਰੰਥ 'ਸੰਗੀਤ ਰਤਨਾਕਰ' ਵਿਚ ਪ੍ਰਯੋਗ ਹੋਣ ਵਾਲੇ ਸਾਜ਼ਾਂ ਦੇ ਚਾਰ ਪ੍ਰਕਾਰ ਦੱਸੇ ਹਨ ਜਿਵੇਂ ਤੱਤ, ਅਵਨਧ, ਸੁਸ਼ਿਰ ਅਤੇ ਘਨ। 'ਦਸਮ ਗ੍ਰੰਥ' ਵਿੱਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੇਠ ਲਿਖੇ ਸ਼ਲੋਕ ਅਨੁਸਾਰ ਸਾਜ਼ਾਂ ਦੇ ਚਾਰ ਪ੍ਰਕਾਰ ਦੱਸੇ ਹਨ ਜਿਵੇਂ:

ਤੱਤ ਬਿਤ ਸੁਖਰਸ ਬਾਜੈ
ਸੁਨ ਮਨ ਰਾਗੰ ਗੁਨਿ ਗਨ ਲਾਜੈ।।

ਗੁਰਮਤਿ ਸੰਗੀਤ ਵਿਚ ਵਿਸ਼ੇਸ਼ ਕਰਕੇ ਤੱਤ ਜਾਂ ਤੰਤਰੀ ਸਾਜ਼ਾਂ ਵਿਚੋਂ ਰਬਾਬ, ਦਿਲਰੁਬਾ, ਇਸਰਾਜ, ਤਾਊਸ, ਸਰੰਦਾ ਅਵਨਧ ਸਾਜ਼ਾਂ ਵਿਚੋਂ ਕੇਵਲ ਹਰਮੋਨੀਅਮ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਗੁਰਮਤਿ ਸੰਗੀਤ ਦੀ ਬੁਨਿਆਦ ਭਾਰਤੀ ਸ਼ਾਸਤਰੀ ਸੰਗੀਤ ਵਾਂਗ ਰਾਗ ਰਹੀ ਹੈ ਅਤੇ ਕੀਰਤਨ ਸ਼ੈਲੀ ਵਧੇਰੇ ਕਰਕੇ ਖਿਆਲ ਅਤੇ ਧਰੁਪਦ ਅੰਗ 'ਤੇ ਆਧਾਰਿਤ ਹੈ। ਇਥੇ ਇਹ ਧਿਆਨ ਯੋਗ ਗਲ ਹੈ ਕਿ ਗੁਰਮਤਿ ਸੰਗੀਤ ਵਿਚ ਭਾਰਤੀ ਸ਼ਾਸਤਰੀ ਸੰਗੀਤ ਦੇ ਨਿਯਮਾਂ ਦਾ ਪੂਰਨ ਰੂਪ ਵਿਚ ਪਾਲਨ ਨਹੀਂ ਕੀਤਾ ਜਾਂਦਾ। ਜਿਥੋਂ ਤਕ ਸਾਜ਼ਾਂ ਦਾ ਸਬੰਧ ਹੈ ਇਨ੍ਹਾਂ ਦੀ ਸੁਤੰਤਰ ਸ਼ੈਲੀ ਤੇ ਤਕਨੀਕ ਨੂੰ ਨਾਂ ਆਪਣਾ ਕੇ ਸ਼ਬਦਾਂ ਦੀਆਂ ਬੰਦਿਸ਼ਾਂ, ਰਾਗ ਆਲਾਪ, ਸ਼ਲੋਕਾਂ ਦੇ ਉਚਾਰਨ ਕਰਨ ਸਮੇਂ ਕੇਵਲ ਸੰਗਤ ਲਈ ਹੀ ਵਰਤੇ ਜਾਂਦੇ ਹਨ। ਸਾਜਿੰਦਿਆਂ ਵਿਚ ਕੇਵਲ ਰਾਗੀ ਜਥਿਆਂ ਵਲੋਂ ਗਾਏ ਸ਼ਬਦਾਂ ਦੀ ਧੁਨ ਨੂੰ ਆਪਣੇ ਸਾਜ਼ ਤੇ ਦੁਹਰਾਉਣ ਦੀ ਹੀ ਪ੍ਰਥਾ ਹੈ। ਇਸਦਾ ਵਿਸ਼ੇਸ਼ ਕਾਰਨ ਇਹ ਹੈ ਕਿ ਗੁਰਮਤਿ ਸੰਗੀਤ ਸ਼ਬਦ ਪ੍ਰਧਾਨ ਹੈ ਅਤੇ ਮੁੱਖ ਤੌਰ 'ਤੇ ਕੀਰਤਨ ਵਿਧੀ ਨੂੰ ਹੀ ਅਪਣਾਇਆ ਜਾਂਦਾ ਹੈ। ਸਾਜ਼ਾਂ ਨੂੰ ਗਾਇਨ ਦੇ ਅਧੀਨ ਹੀ

ਰੱਖਿਆ ਜਾਂਦਾ ਹੈ ਤਾਂ ਜੋ ਸ਼ਬਦਾਂ ਦੇ ਪ੍ਰਭਾਵ ਨੂੰ ਕਾਇਮ ਰਖਿਆ ਜਾ ਸਕੇ। ਤਾਨ, ਬੋਲਤਾਨ, ਬੋਲਬਾਂਟ, ਲੈਅਕਾਰੀ ਆਦਿ ਦੀ ਮਨਾਹੀ ਤਾਂ ਨਹੀ ਪਰ ਗੁਰਬਾਣੀ ਕੀਰਤਨ ਦੇ ਅਨੁਕੂਲ ਹੋਣਾ ਆਵੱਸ਼ਕ ਹੈ।

ਜਿਨ੍ਹਾਂ ਪ੍ਰਮੁੱਖ ਸਾਜ਼ਾਂ ਦਾ ਗੁਰਮਤਿ ਸੰਗੀਤ ਵਿਚ ਪ੍ਰਯੋਗ ਹੁੰਦਾ ਹੈ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:

**1. ਰਬਾਬ**

ਤੰਤੀ ਸਾਜ਼ਾਂ ਵਿੱਚੋਂ ਕੇਵਲ ਰਬਾਬ ਹੀ ਅਜਿਹਾ ਸਾਜ਼ ਹੈ ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਅਪਨਾ ਕੇ ਜਗਤ ਪ੍ਰਸਿੱਧ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਪਿੰਡ ਭੈਰੋਆਣਾ (ਕਪੂਰਥਲਾ) ਦੇ ਵਾਸੀ ਭਾਈ ਫਿਰੰਦੇ ਤੋਂ ਵਿਸ਼ੇਸ਼ ਪ੍ਰਕਾਰ ਦਾ ਰਬਾਬ ਤਿਆਰ ਕਰਵਾਇਆ ਅਤੇ ਭਾਈ ਮਰਦਾਨੇ ਨੂੰ ਗੁਰਮਤਿ ਸੰਗੀਤ ਦੀ ਸੰਗਤ ਲਈ ਸੌਂਪਿਆ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਫਿਰੰਦੇ ਤੋਂ ਭਾਈ ਮਰਦਾਨੇ ਨੇ ਰਬਾਬ ਦੀ ਤਾਲੀਮ ਲਈ ਸੀ। ਰਬਾਬ ਜੋ ਇਕ ਲੋਕ ਸਾਜ਼ ਸੀ ਗੁਰੂ ਨਾਨਕ ਅਤੇ ਭਾਈ ਮਰਦਾਨੇ ਦੇ ਨਾਂ ਨਾਲ ਇੰਜ ਜੁੜਿਆ ਕਿ ਜੀਵਨ ਭਰ ਅਟੁੱਟ ਅੰਗ ਬਣ ਕੇ ਰਹਿ ਗਿਆ। ਭਾਈ ਫਿਰੰਦੇ ਨੇ ਰਬਾਬ ਦੇਣ ਸਮੇਂ ਕਿਹਾ ਕਿ ਇਹ ਰਬਾਬ ਕੇਵਲ ਗੁਰੂ ਨਾਨਕ ਅੱਗੇ ਹੀ ਵੱਜੇਗਾ। ਭਾਈ ਮਰਦਾਨਾ ਜੋ ਇਸ ਸਾਜ਼ ਦਾ ਪ੍ਰਸਿੱਧ ਵਾਦਕ ਅਖਵਾਇਆ ਦੀ ਰਬਾਬ ਦੀ ਸੰਗਤ ਦੁਆਰਾ ਹੀ ਗੁਰੂ ਨਾਨਕ ਨੇ ਵੱਖ-ਵੱਖ ਸਮਿਆਂ ਤੇ ਵੱਖ-ਵੱਖ ਰਾਗਾਂ ਵਿੱਚ ਬਾਣੀ ਉਚਾਰੀ।

ਰਬਾਬ ਦੇ ਇਤਿਹਾਸ ਸਬੰਧੀ ਕਈ ਮਤਭੇਦ ਹਨ। ਇਕ ਮਤ ਅਨੁਸਾਰ ਰਬਾਬ ਦਾ ਉਲੇਖ ਪੰਡਿਤ ਅਹੋਬਲ ਦੇ 'ਸੰਗੀਤ ਪਾਰਿਜਾਤ' ਗ੍ਰੰਥ ਵਿਚ ਮਿਲਦਾ ਹੈ। ਇਸ ਤੋਂ ਬਿਨ੍ਹਾਂ 16 ਵੀਂ ਸਦੀ ਵਿਚ ਅਬੁਲ ਫਜ਼ਲ ਦੁਆਰਾ ਲਿਖਿਤ 'ਆਈਨੇ ਅਕਬਰੀ' ਵਿਚ ਤਾਨਸਨੇ ਨੂੰ ਰਬਾਬ ਵਾਦਕ ਵੀ ਦੱਸਿਆ ਗਿਆ। ਸਾਦਿਕ ਅਲੀ ਖਾਂ ਨੇ ਆਪਣੀ ਪੁਸਤਕ 'ਕਾਨੂੰਨੇ ਮੌਸਿਕੀ' ਵਿਚ ਗੁਰੂ ਨਾਨਕ ਨੂੰ ਰਬਾਬ ਦਾ ਆਵਿਸ਼ਕਾਰਕ ਮੰਨਿਆ। ਕੈਪਟਨ ਡੇ. ਨੇ. ਆਪਣੀ ਪੁਸਤਕ- The Music and Musical Instruments of Southern India and the Deccan p-127- ਵਿਚ ਭਾਰਤੀ ਰਬਾਬ ਬਾਰੇ ਦੱਸਿਆ ਕਿ ਇਸ ਸਾਜ਼ ਦਾ ਪ੍ਰਯੋਗ ਪੰਜਾਬ ਤੇ ਭਾਰਤ ਦੇ ਉਪਰਲੇ ਭਾਗ ਵਿਚ ਵਧੇਰੇ ਕਰਕੇ ਮੁਸਲਮਾਨ ਹੀ ਕਰਦੇ ਸਨ। ਇਕ ਹੋਰ ਮਤ ਅਨੁਸਾਰ ਰਬਾਬ ਇਕ ਵਿਦੇਸ਼ੀ ਸਾਜ ਹੈ ਅਤੇ ਉਸਦਾ ਆਵਿਸ਼ਕਾਰ '' ਰਿਬੈਕ '' ਸਾਜ਼ ਜੋ ਸਪੇਨ, ਫਰਾਂਸ, ਅਰਬ, ਈਰਾਨ, ਈਰਾਕ ਅਤੇ ਅਫਗਾਨਿਸਤਾਨ ਦੇਸ਼ਾਂ ਵਿਚ ਪ੍ਰਚਲਿਤ ਸੀ ਦੇ ਅਧਾਰ 'ਤੇ ਹੀ ਹੋਇਆ । ਅਜੋਕੇ ਸਮੇਂ ਰਬਾਬ ਦਾ ਪ੍ਰਚਾਰ ਨਾ ਕੇਵਲ ਗੁਰਬਾਣੀ ਸੰਗੀਤ ਵਿਚ ਅਤੇ ਨਾਂ ਹੀ ਭਾਰਤੀ ਸੰਗੀਤ ਵਿਚ ਹੈ। ਇਸ ਸਾਜ਼ ਦਾ ਵਿਸ਼ੇਸ਼ਕਰ ਕਸ਼ਮੀਰ ਵਿਚ ਹੀ ਪ੍ਰਚਾਰ ਹੈ।

ਡਾ. ਲਾਲਮਣੀ ਮਿਸ਼ਰ ਅਨੁਸਾਰ, ''ਰਬਾਬ ਵਿਚ ਵਿਚ ਮੁੱਖ ਚਾਰ ਤਾਰਾਂ ਹੁੰਦੀਆਂ ਹਨ ਅਤੇ ਇਕ ਲੋਹੇ ਦੀ ਤਾਰ ਵੀ ਹੁੰਦੀ ਹੈ ਜਿਸ ਨੂੰ ਚਿਕਾਰੀ ਵਾਂਗ

ਵਰਤਿਆ ਜਾਂਦਾ ਹੈ।'' ਭਾਈ ਵੀਰ ਸਿੰਘ ਅਨੁਸਾਰ, ''ਰਬਾਬ ਵਿਚ ਛੇ ਤਾਰਾਂ ਹੁੰਦੀਆਂ ਹਨ ਇਸਦੇ ਦੋ ਪ੍ਰਕਾਰ ਪ੍ਰਚਲਿਤ ਹਨ ਇਕ ਗੋਲ ਆਕਾਰ ਅਤੇ ਦੂਜਾ ਚਤੁਰਭੁਜ ਆਕਾਰ ਦੇ ਤੂੰਬੇ ਵਾਲਾ। ਇਸ ਵਿਚ ਪਰਦੇ ਨਹੀਂ ਹੁੰਦੇ। ਇਸ ਨੂੰ ਧਾਤ ਜਾਂ ਅੱਕ ਦੀ ਲੱਕੜ ਦੇ ਟੁਕੜੇ ਨਾਲ ਵਜਾਇਆ ਜਾਂਦਾ ਹੈ। ਇਸ ਵਿਚ ਗਾਇਨ ਅਤੇ ਗਤ ਸ਼ੈਲੀ ਦਾ ਪ੍ਰਯੋਗ ਹੁੰਦਾ ਹੈ। ਇਸ ਸਾਜ਼ ਵਿਚ ਸ਼ਾਸਤਰੀ ਸੰਗੀਤ ਦੀ ਹਰ ਵਿਸ਼ੇਸਤਾ ਨੂੰ ਦਰਸਾਉਣ ਦੀ ਸਮਰਥਾ ਹੈ। ਸਰੋਦ ਨੂੰ ਅਜ ਰਬਾਬ ਦਾ ਸੁਧਰਿਆ ਰੂਪ ਹੀ ਮੰਨਦੇ ਹਨ।

**2. ਸਾਰੰਦਾ**

ਇਸ ਸਾਜ਼ ਦੀ ਸਿਰਜਨਾ ਪੁਰਤਾਨ ਸਮੇਂ ਵਿਚ ਪ੍ਰਚਲਿਤ ਸਾਰੰਗੀ ਦੇ ਆਧਾਰ 'ਤੇ ਹੋਈ । ਇਸ ਨੂੰ ਪੰਜਾਬ ਵਿਚ ਸਾਰਿੰਦਾ ਜਾਂ ਸਾਰੰਦਾ ਜਾਂ ਸਾਰਗੀ ਨਾਮਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਆਰੰਭ ਵਿਚ ਕੀਰਤਨ ਦੀ ਸੰਗਤ ਲਈ ਸਾਰੰਗੀ ਦਾ ਹੀ ਪ੍ਰਯੋਗ ਹੁੰਦਾ ਸੀ ਪਰ ਇਸ ਸਾਜ਼ ਦਾ ਵੇਸ਼ਵਾਵਾਂ ਨਾਲ ਸਬੰਧ ਹੋਣ ਕਾਰਨ ਸਮਾਜ ਵਿਚ ਇਸਦਾ ਦਰਜਾ ਘੱਟ ਚੁਕਾ ਸੀ। ਇਸੇ ਕਾਰਨ ਸਾਰੰਗੀ ਦੀ ਥਾਂ ਤੇ ਸਾਰੰਦੇ ਦਾ ਅਵਿਸ਼ਕਾਰ ਹੋਇਆ। ''ਕਾਨੂੰਨੇ ਮੌਸੀਕੀ'' ਦੇ ਲੇਖਕ ਸਾਦਿਕ ਅਲੀ ਨੇ ਅਤੇ ਸ੍ਰੀ ਮਤੀ ਸ਼ਾਹਿੰਦਾ ਬੇਗਮ ਨੇ ਆਪਣੀ ਪੁਸਤਰ ''ਇੰਡਿਆਨ ਮਿਉਜ਼ਿਕ '' ਵਿਚ ਗੁਰੂ ਅਮਰਦਾਸ ਨੂੰ ਇਸ ਸਾਜ਼ ਦਾ ਅਵਿਸ਼ਕਾਰਕ ਦੱਸਿਆ। ਇਸਦੇ ਪ੍ਰਚਾਰ ਵਿਚ ਗੁਰੂ ਅਰਜਨ ਦੇਵ ਜੀ ਦਾ ਵਿਸ਼ੇਸ਼ ਯੋਗਦਾਨ ਹੈ। ਕੈਪਟਨ ਡੇ. ਨੇ ਆਪਣੀ ਪੁਸਤਕ - (The Music and Musical instruments of southern Indian and the Deccan P-126) ਵਿਚ ਸਾਰੰਦਾ ਨਿਮਨ ਸ਼੍ਰੇਣੀ ਦਾ ਲੋਕਪ੍ਰਿਅ ਸਾਜ਼ ਦੱਸਿਆ । ਪਰ ਇਸ ਸਾਜ਼ ਨੂੰ ਗੁਰੂ ਸਾਹਿਬਾਨ ਨੇ ਸ਼ਬਦ ਕੀਰਤਨ ਲਈ ਵਧੇਰੇ ਉਚਿੱਤ ਸਮਝਿਆ ਅਤੇ ਆਪਣੀ ਪਵਿੱਤਰ ਛੋਹ ਦੁਆਰਾ ਇਕ ਉੱਚ ਪਧਰ ਦਾ ਮਹੱਤਵਪੂਰਨ ਸਾਜ਼ ਬਣਾ ਕੇ ਜਗਤ ਪ੍ਰਸਿੱਧ ਕਰ ਦਿੱਤਾ। ਪ੍ਰੋ: ਪਿਆਰਾ ਸਿੰਘ ਪਦਮ ਨੇ ਆਪਣੇ ਲੇਖ ''ਗੁਰੂ ਘਰ ਵਿਚ ਵਰਤੀਂਦੇ ਸਾਜ਼'' (ਅਦੁਤੀ ਗੁਰਮਤਿ ਸੰਗੀਤ ਸੰਮੇਲਨ - 1991 ਸਿਮ੍ਰਿਤੀ ਗ੍ਰੰਥ) ਵਿਚ ਸਾਰੰਦੇ ਨੂੰ ਸੁਰੇਂਦ ਭਾਵ ਸੁਰਾਂ ਦਾ ਬਾਦਸ਼ਾਹ ਕਿਹਾ ਤੇ ਦੱਸਿਆ ਗੁਰੂ ਅਰਜਨ ਦੇਵ ਇਸ ਵਿਚ ਵਿਸ਼ੇਸ਼ ਮੁਹਾਰਤ ਰੱਖਦੇ ਸਨ। ਦਰਬਾਰ ਸਾਹਿਬ ਦੇ ਆਜਾਇਬ ਘਰ ਵਿਚ ਇਕ ਪੁਰਾਤਨ ਸਾਰੰਦਾ ਉਪੱਲਬਧ ਹੈ।

ਇਸ ਸਾਜ਼ ਵਿਚ ਮੁਖ ਤੌਰ' ਤੇ ਤਾਂਤ ਦੇ ਤਿੰਨ ਤਾਰ ਅਤੇ ਤਰਬ ਦੇ 10 ਤਾਰ ਹੁੰਦੇ ਹਨ। ਖੱਬੇ ਹੱਥ ਦੀ ਪਹਿਲੀ ਉਂਗਲੀ ਦੁਆਰਾ ਨਹੁੰ ਦੀ ਸਹਾਇਤਾ ਨਾਲ ਤਾਂ ਮੁਖ ਤਾਰਾਂ ਨੂੰ ਵਜਾਇਆ ਜਾਂਦਾ ਹੈ। ਤਰਬਾਂ ਨੂੰ ਰਾਗ ਅਨੁਸਾਰ ਹੀ ਸੁਰ ਕੀਤਾ ਜਾਂਦਾ ਹੈ। ਇਸ ਨੂੰ ਗਜ਼ ਨਾਲ ਵਜਾਇਆ ਜਾਂਦਾ ਹੈ। ਅਤੇ ਕਈ ਵਾਦਕ ਇਸ ਦੇ ਗਜ਼ ਨਾਲ ਘੁੰਘਰੂ ਵੀ ਬੰਨ ਲੈਂਦੇ ਹਨ, ਪਰ ਗੁਰਮਤਿ ਸੰਗੀਤ ਵਿਚ ਇਸ ਤਰਾਂ ਨਹੀਂ। ਗਜ਼ ਜਾਂ ਕਮਾਨ ਨੂੰ ਲੈਅ ਨਾਲ ਚਲਾਇਆ ਜਾਦਾਂ ਹੈ। ਕੁਝ ਵਿਦਵਾਨਾਂ ਅਨੁਸਾਰ ਇਸ ਸਾਜ਼ ਦੇ ਦੋ ਮੁਖ ਤਾਰ ਲੋਹੇ ਦੇ ਅਤੇ ਤੀਜਾ ਤਾਰ ਤਾਂਤ ਦਾ ਹੁੰਦਾ ਹੈ। ਜੋ ਸ਼ੜਜ ਅਤੇ ਪੰਚਮ

ਸੁਰਾਂ ਤੇ ਮਿਲਾਏ ਜਾਂਦੇ ਹਨ। ਇਕ ਵਾਰ ਕਮਾਨ ਨੂੰ ਚਲਾ ਕੇ ਕਈ ਵੱਖ-ਵੱਖ ਸੁਰਸੰਗਤੀਆਂ ਦੀ ਸਿਰਜਨਾ ਕੀਤੀ ਜਾਂਦੀ ਹੈ। ਅਜੋਕੇ ਸਮੇਂ ਵਿਚ ਸ਼ਬਦ ਕੀਰਤਨ ਵਿਚ ਸਾਰੰਦੇ ਦਾ ਪ੍ਰਯੋਗ ਨਹੀਂ ਕੀਤਾ ਜਾਂਦਾ ਅਤੇ ਇਸ ਦੇ ਸਥਾਨ ਤੇ ਤਾਊਸ ਜਾਂ ਦਿਲਰੁਬਾ ਦੀ ਵਰਤੋਂ ਹੁੰਦੀ ਹੈ। ਸਾਰੰਗੀ ਨਾਲੋਂ ਸਾਰੰਦਾ ਦਾ ਆਕਾਰ ਵੱਡਾ ਅਤੇ ਭਾਰੀ ਹੁੰਦਾ ਹੈ।

### 3. ਤਾਊਸ, ਇਸਰਾਜ ਅਤੇ ਦਿਲਰੁਬਾ

ਉਪਰੋਕਤ ਤਿੰਨੋਂ ਸਾਜ਼ ਗਜ਼ ਨਾਲ ਵਜਾਏ ਜਾਣ ਵਾਲੇ ਤੰਤੀ ਸਾਜ਼ ਹਨ। ਇਨ੍ਹਾਂ ਦੀ ਭਾਰਤੀ ਸ਼ਾਸਤਰੀ ਸੰਗੀਤ ਵਿੰਚ ਜੋ ਮਹੱਤਵਪੂਰਨ ਸਥਾਨ ਹੈ ਉਸੀ ਪ੍ਰਕਾਰ ਗੁਰਮਤਿ ਸੰਗੀਤ ਵਿਚ ਵੀ ਗੁਰੂ ਸਾਹਿਬਾਨ ਨੇ ਇਨ੍ਹਾਂ ਸਾਜ਼ਾ ਨੂੰ ਸ਼ਬਦ ਕੀਰਤਨ ਵਿੱਚ ਵਿਸ਼ੇਸ਼ ਸਥਾਨ ਪ੍ਰਦਾਨ ਕਰਕੇ ਲੋਕ ਪ੍ਰਿਅ ਬਣਾ ਦਿਤਾ। ਏਹੀ ਨਹੀਂ ਸਗੋਂ ਇਨ੍ਹਾਂ ਸਾਜ਼ਾਂ ਨੂੰ ਰਬਾਬ ਵਾਂਗ ਉੱਚ ਸ਼ਿਖਰ ਤਕ ਪਹੁੰਚ ਦਿੱਤਾ। ਇਨ੍ਹਾਂ ਸਾਜ਼ਾਂ ਵਿਚੋਂ ਇਸਰਾਜ ਨੂੰ ਇਸ ਦੀ ਮਧੁਰਤਾ ਅਤੇ ਗੰਭੀਰਤਾ ਨੂੰ ਮੁਖ ਰਖਦਿਆਂ ਗੁਰੂ ਅਰਜਨ ਦੇਵ ਜੀ ਨੂੰ ਅਪਣਾ ਕੇ ਉਸਦੀ ਸੰਗਤ ਦੁਆਰਾ ਰੱਬੀ ਬਾਣੀ ਦਾ ਗਾਇਨ ਕਰਕੇ ਸੰਗਤ ਅਤੇ ਸ਼ਰੋਤਿਆਂ ਨੂੰ ਮਨ ਮੁਗਧ ਕੀਤਾ। ਕਿਹਾ ਜਾਂਦਾ ਹੈ ਕਿ ਗੁਰੂ ਅਰਜਨ ਦੇਵ ਖੁਦ ਵੀ ਇਸ ਸਾਜ਼ ਨੂੰ ਵਜਾਇਆ ਕਰਦੇ ਸਨ। ਤਾਊਸ ਅਤੇ ਇਸਰਾਜ਼ ਜਾਂ ਮਯੂਰੀ ਇਸਰਾਜ ਵਿਚ ਕੇਵਲ ਕੁਝ ਸ਼ਕਲ ਦਾ ਹੀ ਅੰਤਰ ਹੈ। ਤਾ ਤਾਊਸ ਅਰਬੀ ਜਾਂ ਫਾਰਸੀ ਦਾ ਸ਼ਬਦ ਹੈ ਜਿਸਦਾ ਅਰਥ ਹੈ ਮੋਰ ਇਸਰਾਜ ਦੇ ਵਚਲੇ ਭਾਗ ਨੂੰ ਮੋਰ ਦਾ ਆਕਾਰ ਦੇ ਦਿਤਾ ਜਾਵੇ ਤਾਂ ਤਾਊਸ ਜਾਂ ਮਯੂਰੀ ਇਸ਼ਰਾਜ ਬਣ ਜਾਂਦਾ ਹੈ। ਡਾ. ਲਾਲ ਮਣੀ ਮਿਸ਼ਰ ਨੇ ''ਭਾਰਤੀ ਸੰਗੀਤ ਵਾਦਿਅ'' ਪੁਸਤਕ ਵਿਚ ਤਾਊਸ ਨੂੰ ਮਯੂਰੀ ਇਸਰਾਜ ਦਾ ਨਾਮ ਦੇ ਦਿਤਾ। ਗੁਰਮਤਿ ਸੰਗੀਤ ਸੰਮੇਲਨ ਦੇ 1991 ਦੇ ਸਿਮ੍ਰਿਤੀ ਗ੍ਰੰਥ ਵਿਚ ਦਿੱਤੇ ਚਿੱਤਰ ਅਨੁਸਾਰ ਤਾਊਸ ਦੀ ਡਾਂਡ ਦੇ ਪਿਛਲੇ ਭਾਗ ਤੇ ਮੋਰ ਦੇ ਪੰਖ ਵੀ ਲਗਾਏ ਜਾਂਦੇ ਹਨ। ਪਟਿਆਲਾ ਦਰਬਾਰ ਦੇ ਭਾਈ ਕਾਹਨ ਸਿੰਘ ਰਾਗੀ ਅਤੇ ਮਹੰਤ ਗਜਾ ਸਿੰਘ ਨੇ ਤਾਊਸ ਵਿਚ ਕੁਝ ਪਰਿਵਰਤਨ ਕਰਕੇ ਦਿਲਰੁਬਾ ਨਾਮਕ ਸਾਜ਼ ਬਣਾਇਆ ਸੀ।

ਦਿਲਰੁਬਾ ਅਤੇ ਇਸਰਾਜ ਵਿਚ ਵਿਸ਼ੇਸ਼ ਅੰਤਰ ਇਹ ਹੈ ਕਿ ਦਿਲਰੁਬਾ ਦੀ ਡਾਂਡ ਇਸਰਾਜ ਨਾਲੋਂ ਛੋਟੀ ਹੁੰਦੀ ਹੈ ਅਤੇ ਇਸ ਤੋਂ ਬਿਨਾਂ ਦਿਲਰੁਬਾ ਵਿਚ ਪੰਜ ਮੁਖ ਤਰਬ ਦੀਆਂ ਤਾਰਾਂ ਅਤੇ ਦੂਜੀਆਂ ਤਰਬ ਦੀਆਂ 15 ਤਾਰਾਂ ਹੁੰਦੀਆਂ ਹਨ। ਦਿਲਰੁਬਾ ਫਾਰਸੀ ਸ਼ਬਦ ਹੈ ਇਸ ਦਾ ਭਾਵ ਹੈ ਦਿਲ ਨੂੰ ਪਿਆਰਾ ਲੱਗਣ ਵਾਲਾ।

ਤਾਊਸ, ਦਿਲਰੁਬਾ ਅਤੇ ਇਸਰਾਜ ਵਿਚ ਮੁਖ ਚਾਰ ਤਾਰਾਂ ਅਤੇ ਸਿਤਾਰ ਵਾਂਗ ਪਰਦੇ ਬੰਨੇ ਹੁੰਦੇ ਹਨ ਇਨ੍ਹਾਂ ਸਾਜਾਂ ਦੀ ਤਬਲੀ ਚਮੜੇ ਅਤੇ ਲਕੜ ਦੀ ਹੁੰਦੀ ਹੈ। ਇਹ ਸਾਜ਼ ਗਜ਼ ਨਾਬ ਵਜਾਏ ਜਾਂਦੇ ਹਨ। ਖੱਬੇ ਹੱਥ ਦੀਆਂ ਉਗਲੀਆਂ ਨੂੰ ਪਰਦਿਆਂ ਤੇ ਚਲਾ ਕੇ ਸੁਰਾਵਲੀਆਂ ਦਾ ਵਾਦਨ ਕੀਤਾ ਜਾਂਦਾ ਹੈ। ਗਾਇਨ ਅਤੇ ਗਤ ਸ਼ੈਲੀ ਦੋਂਹਾ ਅੰਗਾਂ ਦੁਆਰਾ ਇਨ੍ਹਾਂ ਸਾਜ਼ਾਂ ਨੂੰ ਵਜਾਉਣ ਦੀ ਪ੍ਰਥਾ ਹੈ । ਸ਼ਾਸਤਰੀ ਤੇ ਸੁਗਮ ਸੰਗੀਤ ਦੀ ਹਰ ਕ੍ਰਿਆ ਨੂੰ ਇਨ੍ਹਾਂ ਸਾਜਾਂ ਤੇ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

ਸਾਰੰਗੀ ਵਾਂਗ ਇਕ ਗਜ਼ ਦੇ ਫੇਰਨ ਨਾਲ ਕਈ ਪ੍ਰਕਾਰ ਦੀਆਂ ਸੁਰ ਸੰਗਤੀਆਂ ਉਤਪੰਨ ਕੀਤੀਆਂ ਜਾ ਸਕਦੀਆਂ ਹਨ।

**4. ਤਬਲਾ**

ਅਵੱਨਧ ਸਾਜ਼ ਤਬਲਾ ਭਾਰਤੀ ਸੰਗੀਤ ਦਾ ਇਕ ਮਹੱਤਵਪੂਰਨ ਅਤੇ ਪ੍ਰਮੁੱਖ ਸਾਜ਼ ਮੰਨਿਆ ਜਾਂਦਾ ਹੈ। ਇਸ ਦਾ ਪਹਿਲਾ ਆਕਾਰ ਢੋਲਕ ਜਾਂ ਪਖਾਵਜ ਸੀ । ਸ੍ਰੀ ਬੰਧੋਪਾਧਿਆਇ ਨੇ ਆਪਣੀ ਨੇ ਆਪਣੀ ਪੁਸਤਕ (Musical Instrument of India P-75) ਵਿਚ ਦੱਸਿਆ ਹੈ ਕਿ ਅਰਬ ਦਾ ਪ੍ਰਸਿੱਧ ਸਾਜ਼ ਤਬਲ ਹੁੰਦਾ ਸੀ ਅਤੇ ਇਸੇ ਆਧਾਰ 'ਤੇ ਅਮੀਰ ਖੁਸਰੋ ਨੇ ਇਸ ਸਾਜ਼ ਦਾ ਆਵਿਸ਼ਕ੍ਰਾਰ ਕਰਕੇ ਇਸਦਾ ਨਾਮ ਤਬਲਾ ਰਖਿਆ। ਇਹ ਵੀ ਕਿਹਾ ਜਾਂਦਾ ਹੈ ਕਿ ਅਕਬਰ ਕਾਲ ਦੇ ਦਿੱਲੀ ਦੇ ਪ੍ਰਸਿੱਧ ਪਖਾਵਜ ਵਾਦਕ ਉਸਤਾਦ ਸੁਧਾਰ ਖਾਂ ਢਾਡੀ ਨੇ ਤਬਲੇ ਦਾ ਆਵਿਸ਼ਕਾਰ ਕੀਤਾ।

ਪੁਰਾਤਨ ਸਮੇਂ ਧਰੁਪਦ ਅਤੇ ਧਮਾਰ ਗਾਇਨ ਸ਼ੈਲੀ ਵਿਚ ਪਖਾਵਜ ਦੀ ਸੰਗਤ ਹੁੰਦੀ ਸੀ। ਪਰ ਖਿਆਲ ਸ਼ੈਲੀ ਦੀ ਸਿਰਜਨਾ ਉਪਰੰਤ ਤਬਲੇ ਦੀ ਹੀ ਸੰਗਤ ਦਾ ਪ੍ਰਚਾਰ ਹੋਇਆ। ਸ਼ਬਦ ਕੀਰਤਨ ਵਿਚ ਇਸ ਸਾਜ਼ ਨੂੰ ਜੋੜੀ ਆਖਿਆ ਜਾਂਦਾ ਰਿਹਾ। ਤਬਲੇ ਦੇ ਦੋ ਭਾਗ ਹੁੰਦੇ ਹਨ - ਡੁੱਗੀ (ਦਾਇਆਂ ਜਾਂ ਧਾਮਾ) ਅਤੇ ਪੁੜਾ (ਬਾਇਆਂ) ਸ਼ਬਦ ਕੀਰਤਨ ਵਿਚ ਤਬਲੇ ਨੂੰ ਖੁੱਲੇ ਬੋਲਾਂ ਅਤੇ ਬੰਦ ਬੋਲਾਂ ਦੁਆਰਾ ਸ਼ਬਦਾਂ ਦੀ ਸ਼ੈਲੀ ਅਨੁਸਾਰ ਵਜਾਇਆ ਜਾਂਦਾ ਹੈ। ਆਰੰਭ ਵਿਚ ਡੁੱਗੀ ਦਾ ਆਕਾਰ ਉੱਚਾ ਹੁੰਦਾ ਸੀ ਅਤੇ ਉਪਰਲੇ ਭਾਰ ਤੇ ਆਟਾ ਲਗਾ ਕੇ ਵਜਾਇਆ ਜਾਂਦਾ ਸੀ। ਇਹ ਪ੍ਰਥਾ ਭਾਰਤੀ ਸੰਗੀਤ ਅਤੇ ਗੁਰਮਤਿ ਸੰਗੀਤ ਵਿੱਚ ਵਿਸ਼ੇਸ਼ਕਰ ਪੰਜਾਬ ਵਿੱਚ ਹੀ ਰਹੀ। ਸਮੇਂ ਦੇ ਪਰਿਵਰਤਨ ਨਾਲ ਦੇਸ਼ ਦੇ ਹਰ ਭਾਗ ਵਿੱਚ ਅਤੇ ਹਰ ਪ੍ਰਕਾਰ ਦੇ ਗਾਇਨ ਅਤੇ ਵਾਦਨ ਵਿਚ ਡੁੱਗੀ ਨੂੰ ਸਿਹਾਈ ਲਗਾ ਕੇ ਹੀ ਵਜਾਇਆ ਜਾਂਦਾ ਹੈ। ਗੁਰਮਤਿ ਸੰਗੀਤ ਦੀ ਹਰ ਪ੍ਰਕਾਰ ਦੀ ਸ਼ੈਲੀ ਵਿਚ ਤਬਲੇ ਦਾ ਹੀ ਅਧਿਕ ਪ੍ਰਯੋਗ ਕੀਤਾ ਜਾਂਦਾ ਹੈ । ਅਜੋਕੇ ਸਮੇਂ ਗੁਰਮਤਿ ਸੰਗੀਤ ਅਤੇ ਭਾਰਤੀ ਸੰਗੀਤ ਵਿਚ ਪ੍ਰਯੋਗ ਹੋਣ ਵਾਲੀਆਂ ਤਾਲਾਂ ਵਿਚ ਕੋਈ ਅੰਤਰ ਨਹੀਂ।

ਗੁਰਮਤਿ ਸੰਗੀਤ ਵਿਚ ਪ੍ਰਯੋਗ ਹੋਣ ਵਾਲੇ ਉਪਰੋਕਤ ਸਾਜ਼ ਭਾਂਵੇ ਭਾਰਤੀ ਸੰਗੀਤ ਵਿਚ ਕਿਤੇ ਕਿਤੇ ਪ੍ਰਚਲਿਤ ਰਹੇ ਹਨ ਪਰ ਜਿਸ ਤਰਾਂ ਗੁਰਮਤਿ ਸੰਗੀਤ ਵਿਚ ਇਨ੍ਹਾਂ ਦਾ ਪ੍ਰਯੋਗ ਹੋਇਆ ਤੇ ਮਿਲੀ ਮਾਨਤਾ ਦੇ ਆਧਾਰ 'ਤੇ ਇਹ ਗੁਰਮਤਿ ਸੰਗੀਤ ਦੇ ਵਿਸ਼ੇਸ਼ ਸਾਜ਼ਾਂ ਵਜੋਂ ਪ੍ਰਚਾਰ ਵਿਚ ਆਏ ਹਨ। ਇਨ੍ਹਾਂ ਸਾਜ਼ਾਂ ਦੀ ਇਕ ਸਿਫਤ ਇਹ ਵੀ ਸੀ ਕਿ ਗੁਰੂ ਸਾਹਿਬਾਨ ਤੇ ਸਿਖ ਕੀਰਤਨੀਆਂ ਨੇ ਸ਼ਬਦ ਕੀਰਤਨ ਦੇ ਵਿਸ਼ੇਸ਼ ਵਿਧਾਨ ਤੇ ਵਾਤਾਵਰਣ ਦੇ ਅਨਕੂਲ ਇਨ੍ਹਾਂ ਸਾਜ਼ਾਂ ਦੇ ਆਕਾਰ, ਸਰੂਪ ਤੇ ਵਾਦਨ ਤਕਨੀਕ ਵਿਚ ਕਈ ਤਬਦੀਲੀਆਂ ਕੀਤੀਆਂ ਜਿਨ੍ਹਾਂ ਸਦਕਾ ਇਹ ਭਾਰਤੀ ਸੰਗੀਤ ਤੇ ਲੋਕ ਸੰਗੀਤ ਪਰੰਪਰਾ ਨਾਲੋਂ ਅਲੱਗ ਨਜ਼ਰ ਆਉਣ ਲਗੇ। ਇਨ੍ਹਾਂ ਸ਼ਾਜ਼ਾਂ ਉਤੇ ਕੀਤਾ

ਸੁਤੰਤਰ ਅਧਿਅਨ ਸੰਗੀਤ ਸਾਜ਼ਾਂ ਦੇ ਇਤਿਹਾਸ ਵਿਚ ਇਕ ਨਵੀਨ ਮੀਲ ਪੱਥਰ ਹੋਵੇਗਾ, ਅਜਿਹੀ ਸਾਨੂੰ ਆਸ ਹੈ।

1. 'ਰਬਾਬ ਪਖਾਵਜ ਤਾਲ ਘੁੰਘਰੂ ਤੁਟੀ ਤੰਤੁ ਨ ਬਜੈ ਰਬਾਬ'
2. 'ਵਾਜਾ ਮਤਿ ਪਖਾਵਜ ਭਾਉ'
3. 'ਬਜਾਵਨ ਹਾਰੋ ਕਹਾ ਗਇਓ ਜਿਨਿ ਇਹ ਮੰਦਰੁ ਕੀਨਾ'
4. 'ਮੰਦਲੁ ਨ ਵਾਜੈ ਨਟ ਪੈ ਸੂਤਾ'
5. 'ਨੌਬਤ ਬਾਜੀ ਸੁਬਹ ਸਿਉ'
6. 'ਢੋਲਕ ਦੁਨੀਆ ਵਾਜਹਿ ਵਾਜ'
7. 'ਬਰਦ ਚਢੇ ਡਉਰੂ ਢਮਕਾਣੈ'
8. 'ਢੋਲ ਢਮਕੇ'
9. 'ਤਾਲ ਮਦੀਰੇ ਘਟ ਕੇ ਘਾਟ '
10. 'ਅਨਹਤਾ ਸਬਦ ਵਾਜੰਤ ਤੇਰੀ'
11. 'ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਿਨਾਈ'
12. 'ਨਿਤ ਬਾਜੈ ਅਨਹਤ ਬੀਨਾ'
13. ਬੈਨੁ ਬਜਾਵੈ ਗੋਧਨੁ ਚਰੈ'
14. 'ਸਿੰਗੀ ਸਬਦੁ ਸਦਾ ਧੁਨਿ ਸੋਹੈ ਅਹਿਨਿਸ ਪੂਰੇ ਨਾਦੰ'
15. 'ਹਥਿ ਕਰ ਤੰਤੂ ਬਜਾਵੈ ਜੋਗੀ ਥੋਥਰ ਬਾਜੇ ਬੇਨ'
16. 'ਬੈਰਾਗੀ ਜੋਗੀ ਸੋਹਿ ਗਾਇਆ ਘਟਿ ਘਟਿ ਕਿੰਗੁਰੀ ਵਾਈ'